ISSN : 2395-1273

# ਸੰਵਾਦ

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892
ਪੰਜਾਬੀ ਅਧਿਐਨ ਵਿਭਾਗ
ਖ਼ਾਲਸਾ ਕਾਲਜ ਅੰਮ੍ਰਿਤਸਰ

# ਸੰਵਾਦ

ISSN : 2395-1273

**ਪੰਜਾਬੀ ਰੈਫ਼ਰੀਡ ਰਿਸਰਚ ਜਰਨਲ**

***A Peer Reviewed Punjabi Research Journal***

**ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ**

**ਛਿਮਾਹੀ ਖੋਜ ਰਸਾਲਾ**

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :**
*Dr. A. K. Kahlon*
**+91 98724-56833**

**Chief Editor:**
*Dr. Atam Singh Randhawa*
**+91 98722-17273**

**ISSN : 2395-1273**

**January-June 2025**

**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**
ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ

❒ **ਸੰਪਾਦਕੀ** 5

❒ **ਕੁਆਂਟਮ ਕਾਵਿ-ਸ਼ਾਸਤਰ** 9
ਅਮਰਜੀਤ ਸਿੰਘ ਗਰੇਵਾਲ

❒ **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
ਡਾ. ਮਹਿਲ ਸਿੰਘ

❒ **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
ਡਾ. ਰਣਜੀਤ ਸਿੰਘ ਘੁੰਮਣ

❒ **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
ਡਾ. ਸੁਖਦੇਵ ਸਿੰਘ ਸੋਹਲ

❒ **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
ਡਾ. ਜਸਵਿੰਦਰ ਸਿੰਘ

❒ **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
ਡਾ. ਸਰਬਜੀਤ ਸਿੰਘ

❒ **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
ਡਾ. ਅਮਨਪ੍ਰੀਤ ਸਿੰਘ ਗਿੱਲ

❒ **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
ਡਾ. ਪਰਮਜੀਤ ਕੌਰ ਸਿੱਧੂ

❒ **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
ਡਾ. ਪਰਮਿੰਦਰ ਸਿੰਘ

❒ **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
ਡਾ. ਰਜਨੀ ਬਾਲਾ

❒ **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❐ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❐ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❐ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❐ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❐ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❐ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❐ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❐ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❐ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ

## ਪੁਸਤਕ ਰੀਵਿਊ :

- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
ਡਾ. ਪਰਮਜੀਤ ਢੀਂਗਰਾ

◈

# ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ



**ਡਾ. ਪ੍ਰਕਾਸ਼ ਸਿੰਘ**

ਪੰਜਾਬੀ ਵਿਭਾਗ, ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਚੰਡੀਗੜ੍ਹ
✆ 9463219994

ਪੰਜਾਬੀ ਨਾਵਲ ਸਮੀਖਿਆ ਦੇ ਖੇਤਰ ਵਿਚ ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਮ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਇਹ ਤੱਥ ਹੈ ਕਿ ਡਾ. ਰਾਹੀ ਨੇ ਪੰਜਾਬੀ ਨਾਵਲ ਸਮੀਖਿਆ ਨੂੰ ਬੜਾ ਹੀ ਠੋਸ ਤੇ ਮਜਬੂਤ ਧਰਾਤਲ ਪ੍ਰਦਾਨ ਕੀਤਾ। ਜੋਗਿੰਦਰ ਸਿੰਘ ਰਾਹੀ ਦੇ ਇਸ ਸਕਾਰਾਤਮਕ ਯੋਗਦਾਨ ਤੋਂ ਬਿਨਾਂ ਪੰਜਾਬੀ ਨਾਵਲ ਸਮੀਖਿਆ ਦੇ ਮੂੰਹ-ਮੁਹਾਂਦਰੇ ਨੂੰ ਚਿਤਵਣਾ ਅਸੰਭਵ ਹੈ। ਉਹਨਾਂ ਦੀ ਪਹਿਲੀ ਪੁਸਤਕ **ਪੰਜਾਬੀ ਨਾਵਲ** (1978) 'ਚ ਪ੍ਰਕਾਸ਼ਿਤ ਹੋਈ ਸੀ। ਪੰਜਾਬੀ ਨਾਵਲ ਦੇ ਉਦਭਵ, ਸਰੂਪ ਤੇ ਗਤੀ-ਪ੍ਰਗਤੀ ਨਾਲ ਸਬੰਧਿਤ ਵਿਭਿੰਨ ਮਸਲਿਆਂ ਨੂੰ ਠੋਸ ਢੰਗ ਨਾਲ ਸਮਝਣ-ਬੁੱਝਣ ਲਈ ਡਾ. ਰਾਹੀ ਨੇ **ਮਸਲੇ ਗਲਪ ਦੇ** (1992), **ਸਮਾਂ ਤੇ ਸੰਵਾਦ** (1997), **ਨਾਨਕ ਸਿੰਘ ਦੀ ਨਾਵਲਕਾਰੀ: ਅਣਪਛਾਤੇ ਨਕਸ਼** (1999 ਸੰਪਾਦਿਤ), **ਜੋਤ ਜੁਗਤ ਕੀ ਬਾਰਤਾ** (2006) ਵਰਗੀਆਂ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ। ਪੰਜਾਬੀ ਕਹਾਣੀ ਦੇ ਅਧਿਐਨ ਵਿਸ਼ਲੇਸ਼ਣ ਸਬੰਧੀ ਵੀ ਡਾ. ਰਾਹੀ ਦਾ ਕੰਮ ਬੜਾ ਮੁੱਲਵਾਨ ਹੈ ਤੇ ਉਹਨਾਂ ਦੁਆਰਾ ਕੀਤੇ ਅਨੁਵਾਦ ਦਾ ਕਾਰਜ ਇਸ ਤੋਂ ਵੱਖਰਾ ਹੈ। ਇਹ ਵੀ ਤੱਥ ਹੈ ਕਿ ਡਾ. ਰਾਹੀ ਨੇ ਆਪਣੀ ਪਲੇਠੀ ਪੁਸਤਕ **ਪੰਜਾਬੀ ਨਾਵਲ** ਵਿਚ ਆਪਣੇ ਸਮੇਂ ਦੇ ਛੇ ਪ੍ਰਤੀਨਿਧ ਨਾਵਲਾਂ ਦੀ ਜੋ ਠੋਸ, ਗੰਭੀਰ ਤੇ ਵਿਸਤ੍ਰਿਤ ਪੜ੍ਹਤ ਤਿਆਰ ਕੀਤੀ ਉਹ ਅੱਜ ਚਾਰ ਦਹਾਕਿਆਂ ਬਾਅਦ ਵੀ ਪੰਜਾਬੀ ਆਲੋਚਨਾ ਵਿਚ ਦੁਰਲੱਭ ਹੈ। ਡਾ. ਰਾਹੀ ਦੇ ਇਸ ਪਾਠਗਤ ਵਿਸ਼ਲੇਸ਼ਣ-ਮੁਲਾਂਕਣ ਦੀਆਂ ਕੁਝ ਧਾਰਨਾਵਾਂ ਨਾਲ, ਨਿਰਸੰਦੇਹ ਪੰਜਾਬੀ ਦੇ ਕੁਝ ਆਲੋਚਕਾਂ ਨੇ ਅਸਹਿਮਤੀ ਤਾਂ ਜ਼ਰੂਰ ਪ੍ਰਗਟਾਈ ਹੈ ਪਰ ਅਜਿਹਾ ਕਰਦੇ ਹੋਏ ਉਹ ਆਪਣੀ ਵਿਹਾਰਕ ਸਮੀਖਿਆ ਵਿਚ ਇਸ ਪਾਠ ਮੂਲਕ ਸਮੀਖਿਆ ਦਾ ਸੁਚੱਜਾ ਬਦਲ ਪ੍ਰਸਤੁਤ ਨਹੀਂ ਕਰ ਸਕੇ। ਨਾਵਲ ਦੇ ਸਿਧਾਂਤਕ ਮਸਲਿਆਂ ਬਾਰੇ ਇਸ ਪੁਸਤਕ ਵਿਚਲਾ ਲੇਖ 'ਨਾਵਲ ਰੂਪ: ਖ਼ੁਦਮੁਖਤਾਰੀ ਦੀ ਸਮੱਸਿਆ' ਵੀ ਖਾਸ ਤਵੱਜੋਂ ਦੀ ਮੰਗ ਕਰਦਾ ਹੈ। ਪੁਸਤਕ ਦੇ ਅਖ਼ੀਰ ਵਿਚ 'ਪੰਜਾਬੀ ਨਾਵਲ: ਪਰੰਪਰਾ ਤੇ ਪ੍ਰਵਾਹ' ਨਾਮੀ ਮਜਮੂਨ ਵਿਚ ਡਾ. ਰਾਹੀ ਨੇ 20 ਦੇ ਕਰੀਬ ਪ੍ਰਤੀਨਿਧ ਨਾਵਲਕਾਰਾਂ ਦੀਆਂ ਰਚਨਾਵਾਂ ਦੀ ਪ੍ਰਕਿਰਤੀ ਤੇ ਪ੍ਰਕਿਰਿਆ ਨੂੰ ਜਿਸ ਤਰ੍ਹਾਂ ਕਸ਼ੀਦ ਕੇ ਸਿਰਫ 38 ਪੰਨਿਆਂ 'ਚ ਸਪੱਸ਼ਟ ਕੀਤਾ, ਅਜਿਹਾ ਕੰਮ ਵੀ ਪੰਜਾਬੀ ਨਾਵਲ ਆਲੋਚਨਾ ਦੇ ਇਤਿਹਾਸ ਵਿਚ ਦੁਰਲੱਭ ਨਹੀਂ ਤਾਂ ਸੁਲੱਭ ਜ਼ਰੂਰ ਹੈ।

ਡਾ. ਜੋਗਿੰਦਰ ਸਿੰਘ ਰਾਹੀ ਆਪਣੇ ਸਮੀਖਿਆ ਕਾਰਜ ਵਿਚ ਸ਼ੁਰੂ ਤੋਂ ਲੈ ਕੇ ਹੁਣ ਤਕ ਪੰਜਾਬੀ ਨਾਵਲ ਦੇ ਅਧਿਐਨ-ਵਿਸ਼ਲੇਸ਼ਣ-ਮੁਲਾਂਕਣ ਵੱਲ ਜ਼ਿਆਦਾ ਰੁਚਿਤ ਰਹੇ ਹਨ। ਸਾਹਿਤ ਨੂੰ ਸਮਾਜਕ ਚੇਤਨਾ ਦੇ ਇਕ ਪ੍ਰਭਾਵਸ਼ਾਲੀ ਰੂਪ ਵਜੋਂ ਸਵੀਕਾਰਨ ਵਾਲਾ ਇਹ ਗਲਪ-ਆਲੋਚਕ ਰੂਪ ਦਾ ਅਧਿਐਨ ਰਚਨਾ-ਵਸਤੂ ਦੇ ਪ੍ਰਸੰਗ ਵਿਚ ਹੀ ਸਹੀ ਸਮਝਦਾ ਹੈ। ਉਹਨਾਂ ਦੀ ਗਲਪ-ਸਮੀਖਿਆ ਵਿਚ ਨਾਵਲੀ ਪਾਠ ਨੂੰ ਸਮਾਜਕ ਪਰਿਵੇਸ਼ ਦੇ ਜਟਿਲ ਸੰਦਰਭ ਨਾਲ ਦਵੰਦਾਤਮਿਕ ਸਬੰਧ ਸਥਾਪਿਤ ਕਰਕੇ ਸਮਝਣ ਉੱਤੇ ਬਲ ਦਿੱਤਾ ਗਿਆ ਹੈ ਅਤੇ ਗਤੀਸ਼ੀਲ ਸਮਾਜਕ ਯਥਾਰਥ ਦਾ ਵਿਵੇਕ ਸਿਰਜਣ ਦੇ ਅਧਾਰ 'ਤੇ ਵਿਸ਼ੇਸ਼ ਗਲਪ-ਪਾਠਾਂ ਦੀ ਪ੍ਰਕਿਰਤੀ ਸਪੱਸ਼ਟ ਕੀਤੀ ਗਈ ਹੈ। ਸਮਾਜਕ ਯਥਾਰਥ ਦਾ ਵਿਵੇਕ ਸਿਰਜਨ ਵਾਲੇ ਲੇਖਕ ਦੀ ਵਿਅਕਤੀ ਪ੍ਰਤਿਭਾ ਨੂੰ ਵੀ ਸਮਾਜਕ-ਇਤਿਹਾਸਕ ਹਾਲਤਾਂ ਦੀ ਜਟਿਲ ਦਵੰਦਾਤਮਿਕਤਾ ਨਾਲ ਅੰਤਰ-ਸਬੰਧਿਤ ਕੀਤਾ ਗਿਆ ਹੈ।

ਵਿਸ਼ਾਲ ਜੀਵਨ ਦੀਆਂ ਰੂਪ-ਵਿਹੀਣ ਸੰਰਚਨਾਵਾਂ ਨਾਲੋਂ ਵੱਖਰੇ ਨਾਵਲੀ ਰਚਨਾ ਅੰਦਰਲੇ ਕਲਾਤਮਕ ਵਿਵੇਕ ਕਾਰਣ ਹੀ ਡਾ.ਰਾਹੀ ਸੁਚੇਤ ਕਰਦਾ ਹੈ ਕਿ ਰਚਨਾ ਬਾਹਰਲੇ ਵਸਤੂ-ਤੱਥਾਂ ਨੂੰ ਅਧਿਐਨ ਵੇਲੇ ਪਾਠ ਉੱਤੇ ਆਰੋਪਿਤ ਕਰਨ ਨਾਲ ਸੰਭਵ ਹੀ ਨਾਵਲੀ ਜਗਤ ਵਿਚ ਸਿਰਜਤ ਸੰਦਰਭ ਤੇ ਇਸ ਨਾਲ ਸਬੰਧਿਤ ਕਲਾਤਮਕ ਵਿਵੇਕ ਦਾ ਆਧਾਰ ਬਦਲ ਸਕਦਾ ਹੈ। ਉਸ ਨੇ ਨਾਵਲ-ਵਿਧਾ ਦੀ ਵੱਖਰਤਾ ਸਥਾਪਿਤ ਕਰਨ ਲਈ ਸੰਵਾਦੀ ਵਿਧੀ ਦੀ ਵਰਤੋਂ ਕੀਤੀ ਹੈ ਤੇ ਸੰਵਾਦੀ-ਵਿਧੀ ਕਾਰਣ ਹੀ ਨਾਵਲ ਦੀ ਦੂਸਰੀਆਂ ਸਾਹਿਤਕ-ਵਿਧਾਵਾਂ, ਇਤਿਹਾਸ ਅਤੇ ਜੀਵਨ ਨਾਲ ਸਾਂਝ ਵੀ ਉਜਾਗਰ ਹੋ ਜਾਂਦੀ ਹੈ।

ਡਾ.ਰਾਹੀ ਸਪੱਸ਼ਟ ਕਰਦਾ ਹੈ ਕਿ ਸਾਹਿਤ ਦੀ ਵੱਖਰਤਾ ਵੱਲ ਰੁਚਿਤ ਹੋਣ ਕਾਰਣ ਸ਼ੈਲੀ ਵਿਗਿਆਨਕ


ISSN : 2395-1273
(ਪੰਨੇ 97-111)

ਆਲੋਚਕ ਆਪਣੀ ਸੀਮਾ ਸਵੀਕਾਰ ਕਰਨ ਦੇ ਬਾਵਜੂਦ ਸਾਹਿਤ ਦੀ ਜੀਵਨ ਨਾਲ ਸਾਂਝ ਪਛਾਣਨ ਵਾਲੀ ਆਲੋਚਨਾ ਨੂੰ ਅਪ੍ਰਮਾਨਿਕ ਮੰਨਣ ਤੋਂ ਗੁਰੇਜ਼ ਵੀ ਨਹੀਂ ਕਰਦੇ। ਡਾ. ਰਾਹੀ ਦਾ ਮਸ਼ਵਰਾ ਹੈ ਕਿ ਸ਼ੈਲੀ ਵਿਗਿਆਨਕ ਆਲੋਚਕਾਂ ਨੂੰ ਆਪਣੀ ਪ੍ਰਾਸੰਗਿਕਤਾ ਸਿੱਧ ਕਰਨ ਲਈ ਰਚਨਾ ਵਿਚਲੇ ਵਸਤੂ-ਵਿਵੇਕ ਦੇ ਮਾਨਵੀਂ ਦਾਰਸ਼ਨਿਕ ਪਸਾਰਾਂ ਨਾਲ ਸਨਮੁਖ ਹੋਣ ਦੀ ਲੋੜ ਹੈ। ਰੂਪਵਾਦੀ, ਸੰਰਚਨਾਵਾਦੀ ਤੇ ਆਧੁਨਿਕਵਾਦੀ ਚਿੰਤਕਾਂ ਨਾਲ ਸੰਵਾਦ ਰਚਾਉਂਦਿਆਂ ਡਾ.ਰਾਹੀ ਉਨ੍ਹਾਂ ਦੁਆਰਾ ਸਾਹਿਤਕਤਾ ਨੂੰ ਦਿੱਤੇ ਬੇਲੋੜੇ ਤੂਲ ਦਾ ਵਿਰੋਧ ਵੀ ਕਰਦਾ ਹੈ ਅਤੇ ਉਨ੍ਹਾਂ ਯਥਾਰਥਵਾਦੀ ਚਿੰਤਕਾਂ ਦੇ ਵਿਚਾਰਾਂ ਨੂੰ ਪ੍ਰਮੁੱਖਤਾ ਦਿੰਦਾ ਹੈ ਜਿਨ੍ਹਾਂ ਅਨੁਸਾਰ ਕਲਾਤਮਕ ਰੀਤੀਆਂ ਦਾ ਇਤਿਹਾਸਕ ਸੰਦਰਭ ਤੇ ਦਾਰਸ਼ਨਿਕਤਾ ਨਾਲ ਜਟਿਲ ਦਵੰਦਾਤਮਿਕ ਸਬੰਧ ਹੁੰਦਾ ਹੈ। ਭਾਵੇਂ ਇਨ੍ਹਾਂ ਵਿਚਾਰਾਂ ਨੂੰ ਆਤਮਸਾਤ ਕਰਨ ਤੇ ਸਾਹਿਤ ਅਧਿਐਨ ਵੇਲੇ ਲਾਗੂ ਕਰਨ ਵੇਲੇ ਡਾ. ਰਾਹੀ ਯਥਾਰਥਵਾਦੀ ਸ਼ਿਲਪ ਨੂੰ ਤਰਜੀਹ ਦੇਣ ਦੇ ਬਾਵਜੂਦ ਆਲੋਚਨਾਤਮਕ ਯਥਾਰਥਵਾਦ ਤਕ ਸੀਮਿਤ ਰਹਿੰਦਾ ਹੈ ਅਤੇ ਸਮਾਜਵਾਦੀ ਯਥਾਰਥਵਾਦ ਵੱਲ ਧਿਆਨ ਨਹੀਂ ਦਿੰਦਾ। ਧਿਆਨ ਵਿਚ ਰਹੇ ਕਿ ਗਿਓਰਗੀ ਲੁਕਾਚ ਨੇ ਆਪਣੀ ਮਹੱਤਵਪੂਰਨ ਪੁਸਤਕ *The Meaning of Contemporary Realism* ਵਿਚ ਯਥਾਰਥ ਦੀ ਮਾਰਕਸਵਾਦੀ ਪਰਿਭਾਸ਼ਾ ਨੂੰ ਦੋ ਭਾਗਾਂ-ਆਲੋਚਨਾਤਮਕ ਯਥਾਰਥਵਾਦ ਤੇ ਸਮਾਜਵਾਦੀ ਯਥਾਰਥਵਾਦ-ਵਿਚ ਵੰਡ ਕੇ ਇਨ੍ਹਾਂ ਦੋਨਾਂ ਨੂੰ ਨਿਖੇੜਿਆ ਵੀ ਤੇ ਜੋੜਿਆ ਵੀ। ਨਿਖੇੜ ਵੇਲੇ ਉਸ ਨੇ ਆਲੋਚਨਾਤਮਕ ਯਥਾਰਥਵਾਦ ਦੀਆਂ ਸੀਮਾਵਾਂ ਸਪਸ਼ਟ ਕੀਤੀਆਂ ਤੇ ਜੋੜਣ ਵੇਲੇ ਸੰਭਾਵਨਾਵਾਂ। ਇਸ ਦੇ ਨਾਲ ਹੀ ਇਹ ਵੀ ਦਰਸਾਇਆ ਕਿ ਇਤਿਹਾਸ ਦੀ ਸਹੀ ਸਕ੍ਰਿਆ ਸਮਝ ਪ੍ਰਾਪਤ ਕਰਨ ਲਈ ਇਨ੍ਹਾਂ ਦੋਹਾਂ ਨੂੰ ਦਵੰਦਾਤਮਿਕਤਾ ਸਹਿਤ ਗ੍ਰਹਿਣ ਕਰਨਾ ਜ਼ਰੂਰੀ ਹੈ।

ਆਪਣੀ ਪੁਸਤਕ **ਮਸਲੇ ਗਲਪ** ਦੇ (1992) ਵਿਚ ਡਾ. ਰਾਹੀ ਨਾਵਲ ਦੀ ਵਿਧਾ ਨੂੰ ਵਿਡੰਬਨਾਤਮਕ ਵਿਧਾ ਕਹਿੰਦਾ ਹੈ। ਇਸ ਵਿਧਾ ਦਾ ਸਬੰਧ ਜੀਵਨ ਦੀਆਂ ਜਟਿਲ ਹਕੀਕਤਾਂ ਦੇ ਬੋਧ ਨਾਲ ਹੈ ਅਤੇ ਇਸ ਬੋਧ ਦਾ ਸਬੰਧ ਅੱਗੋਂ ਬੰਦੇ ਦੇ ਸੁਪਨਿਆਂ ਨਾਲ ਜੁੜੀਆਂ ਹੋਈਆਂ ਭ੍ਰਾਂਤੀਆਂ ਨੂੰ ਤੋੜਨ ਨਾਲ ਜੋੜਿਆ ਗਿਆ ਹੈ ਕਿਉਂਕਿ ਹਕੀਕਤ ਨਾਲ ਸਬੰਧਿਤ ਭ੍ਰਾਂਤੀਆਂ ਤੋਂ ਮੁਕਤ ਵੱਡੇ ਸੁਪਨੇ ਹੀ ਦ੍ਰਿੜ੍ਹ ਸੰਘਰਸ਼ ਦਾ ਅਧਾਰ ਬਣ ਸਕਦੇ ਹਨ। ਵਿਡੰਬਨਾ ਦੀ ਸਿਰਜਣਾ ਅਸਲ ਵਿਚ ਜਟਿਲ ਜੀਵਨ-ਵਿਵੇਕ ਦੀ ਸਿਰਜਣਾ ਹੀ ਹੈ ਜੋ ਆਲੋਚਨਾਤਮਕ ਯਥਾਰਥਵਾਦ ਨਾਲ ਡੂੰਘੀ ਸਮਾਨਤਾ ਰੱਖਦੀ ਹੈ। ਡਾ. ਰਾਹੀ ਦਾ ਵਿਡੰਬਨਾ ਸਿਧਾਂਤ ਨਿਰਾਸ਼ਾਵਾਦੀ ਨਹੀਂ ਕਿਉਂਕਿ ਇਸ ਵਿਚ ਸਥਾਪਿਤ ਸੱਤਾ ਵਿਰੁੱਧ ਸੰਘਰਸ਼ ਦੇ ਨਾਲ-ਨਾਲ ਭਵਿੱਖ ਦੀ ਚਿੰਤਾ ਵੀ ਨਿਹਿਤ ਹੈ ਅਤੇ ਇਸ ਵੱਖਰਤਾ ਕਰਕੇ ਹੀ ਇਹ ਪੱਛਮੀ ਵਿਡੰਬਨਾਵਾਦ ਨਾਲੋਂ ਆਲੋਚਨਾਤਮਕ ਯਥਾਰਥਵਾਦ ਵਧੇਰੇ ਹੈ। ਦੂਸਰੇ ਸ਼ਬਦਾਂ ਵਿਚ ਨਾਵਲ ਦੀ ਉਪਰੋਕਤ ਵਿਡੰਬਨਾਤਮਕ ਪਰਿਭਾਸ਼ਾ ਯਥਾਰਥਵਾਦ ਦੀ ਡੂੰਘੀ ਸਮਝ ਉੱਤੇ ਆਧਾਰਿਤ ਹੋਣ ਕਰਕੇ ਸਥਾਪਿਤ ਵਿਚਾਰਧਾਰਾ ਦੀਆਂ ਕਰੜਾਈਆਂ ਨੂੰ ਕੁਰੇਦਣ ਨਾਲ ਵੀ ਜੋੜੀ ਜਾ ਸਕਦੀ ਹੈ ਅਤੇ ਇਸ ਵਿਰੁੱਧ ਲਗਾਤਾਰ ਸੰਘਰਸ਼ ਨਾਲ ਵੀ। ਸੰਘਰਸ਼ ਦਾ ਇਹ ਪਰਿਪੇਖ ਸਾਰਥਕ ਭਵਿੱਖ ਦੀ ਚਿੰਤਾ ਨਾਲ ਵੀ ਜਾ ਜੁੜਦਾ ਹੈ। ਪਰ ਬੁਨਿਆਦੀ ਸਮੱਸਿਆ ਇਹ ਹੈ ਕਿ ਨਾਵਲ ਦੀ ਇਸ ਵਿਡੰਬਨਾਤਮਕ ਪਰਿਭਾਸ਼ਾ ਅਨੁਸਾਰ ਭਵਿੱਖ ਦੀ ਕਲਪਨਾ ਵੀ ਵਿਡੰਬਨਾਤਮਕ ਰੂਪ ਵਿਚ ਹੀ ਕੀਤੀ ਜਾਂਦੀ ਹੈ ਤੇ ਇਹ ਸਥਿਰ ਕਲਪਨਾ ਯਥਾਰਥ ਦੇ ਸਾਰਥਕ ਭਵਿੱਖ ਵਾਲੇ ਸਕਰਮਕ ਪਰਿਪੇਖ ਦੇ ਉਨ੍ਹਾਂ ਬੁਨਿਆਦੀ ਇਤਿਹਾਸਕ ਨਿਯਮਾਂ ਨੂੰ ਭੁਲਾ ਦੇਣ ਕਰਕੇ ਅਣਇਤਿਹਾਸਕ ਹੈ ਜਿਨ੍ਹਾਂ ਅਨੁਸਾਰ ਪ੍ਰਭੂਸੱਤਾ ਦੀ ਵਿਚਾਰਧਾਰਾ ਵਿਰੁੱਧ ਸੰਘਰਸ਼ ਕਿਸੇ ਖਾਸ ਦਿਸ਼ਾ ਵਿਚ ਸੰਗਠਿਤ ਤੇ ਵਿਕਸਿਤ ਕੀਤਾ ਜਾਵੇ। ਇਸ ਠੋਸ ਇਤਿਹਾਸਕ ਤੇ ਵਿਚਾਰਧਾਰਕ ਪਰਿਪੇਖ ਤੋਂ ਰਹਿਤ ਵਿਡੰਬਨਾਤਮਕ ਸੰਘਰਸ਼ ਦਾ ਸਿਧਾਂਤ - ਜੋ ਵਿਡੰਬਨਾ ਸਿਧਾਂਤ ਦੀ ਆਪਣੀ ਵਿਡੰਬਨਾ ਹੈ - ਇਤਿਹਾਸਕ ਯਥਾਰਥ ਦੀ ਜਟਿਲਤਾ ਦੇ ਵਿਚੇ ਵਿਚ ਨਿਹਿਤ ਤੇ ਕਾਰਜਸ਼ੀਲ ਸਕ੍ਰਿਆ ਸ਼ਕਤੀਆਂ ਦੇ ਬੁਨਿਆਦੀ ਇਤਿਹਾਸਕ ਰੋਲ ਨੂੰ ਆਤਮਸਾਤ ਕਰਨ ਤੋਂ ਅਸਮਰੱਥ ਰਹਿ ਜਾਂਦਾ ਹੈ। ਨਤੀਜੇ ਵਜੋਂ ਨਾ ਤਾਂ ਵਾਸਤਵਿਕ ਜਟਿਲਤਾ ਦੀ ਗਤੀਸ਼ੀਲ ਇਤਿਹਾਸਕ ਪ੍ਰਕਿਰਤੀ ਸਮੱਗਰ ਰੂਪ ਵਿਚ ਪੁਸ਼ਟ ਹੁੰਦੀ ਹੈ ਤੇ ਨਾ ਹੀ ਵਾਸਤਵਿਕ ਪਰਸਥਿਤੀ ਦੀ ਜਟਿਲਤਾ ਦਾ ਪੁਨਰ-ਸਿਰਜਨ ਕਰਨ ਵਾਲੀ ਯਥਾਰਥਵਾਦੀ ਸ਼ੈਲੀ ਦੀ ਇਤਿਹਾਸਕ ਪ੍ਰਸੰਗਕਤਾ। ਆਪਣੀ ਦ੍ਰਿਸ਼ਟੀ ਦੀ ਇਸ ਵੱਡੀ ਸੀਮਾ ਕਾਰਣ ਵਿਡੰਬਨਾਤਮਕ ਸਿਧਾਂਤ ਦੇ ਪੈਰੋਕਾਰ ਆਲੋਚਕ ਵਾਸਤਵਿਕ ਪਰਸਥਿਤੀ ਵਿਰੁੱਧ ਸੰਘਰਸ਼ ਦਾ ਪੈਂਤੜਾ ਅਪਣਾਈ ਰੱਖਣ ਦੇ ਬਾਵਜੂਦ ਇਸ ਪਰਸਥਿਤੀ ਨਾਲ ਆਪਣੀਆਂ ਅਚੇਤ 'ਸਬੰਧਤਾਵਾਂ' ਨੂੰ ਸਮਝਣ ਤੋਂ ਉੱਕ ਜਾਂਦੇ ਹਨ ਅਤੇ ਸਮਝ ਦੀ ਇਹ ਕਮੀ ਉਨ੍ਹਾਂ ਨੂੰ 'ਪ੍ਰਤੀਬੱਧਤਾ' ਦੀ ਠੋਸ ਅੰਤਰ ਵਸਤੂ ਨਾਲ ਜੁੜਨ ਤੋਂ ਵਰਜੀ ਰੱਖਦੀ ਹੈ। ਇਸ ਦੇ ਵਿਪਰੀਤ ਅਤਿ ਵਿਕਸਤ ਪੂੰਜੀਵਾਦ ਤੋਂ ਉਤਪੰਨ ਨਵ-ਸਾਮਰਾਜਵਾਦੀ ਵਿਸ਼ਵਵਿਆਪੀਕਰਣ ਦੁਆਰਾ ਪੈਦਾ ਕੀਤੇ ਜਾ ਰਹੇ ਨਵੇਂ ਜਟਿਲ, ਗੰਭੀਰ ਸੰਕਟਾਂ ਤੇ ਸਮੱਸਿਆਵਾਂ ਦੀ ਪਰਸਥਿਤੀ ਵਿਰੁੱਧ ਲੋੜੀਂਦਾ ਇਤਿਹਾਸਕ ਮੋਰਚਾ ਬਣਾਉਣ ਲਈ


ISSN : 2395-1273

ਡਾ. ਟੀ. ਆਰ ਵਿਨੋਦ ਦਾ ਆਲੋਚਨਾਤਮਕ ਯਥਾਰਥਵਾਦ ਬਹੁਤੀ ਦੂਰ ਤਕ ਤਾਂ ਭਾਵੇਂ ਨਹੀਂ ਲੈ ਕੇ ਜਾਂਦਾ ਪਰ ਪੂੰਜੀਵਾਦੀ ਸਾਮਰਾਜਵਾਦੀ ਵਿਸ਼ਵ-ਵਿਆਪੀਕਰਣ ਦੇ ਉਲਟ ਸਮਾਜਵਾਦੀ ਵਿਸ਼ਵ-ਵਿਆਪੀਕਰਣ ਦੇ ਸਕਰਮਕ ਪਰਿਪੇਖ ਤੇ ਅਮਲ ਨੂੰ ਤਰਜੀਹ ਦੇ ਕੇ ਆਪਣੀ ਪ੍ਰਤਿਬੱਧਤਾ ਜ਼ਰੂਰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਹੀ ਵਿਕਸਤ ਪੂੰਜੀਵਾਦ ਤੋਂ ਉਤਪੰਨ ਨਵ-ਸਾਮਰਾਜਵਾਦ ਦੇ ਪ੍ਰਭਾਵ ਤੇ ਵਿਰੋਧ ਦੇ ਦਵੰਦ ਵਿਚੋਂ ਪੈਦਾ ਹੋਈ ਬਹੁਲਤਾਵਾਦੀ ਥੀਊਰੀ ਨਾਲ ਗੰਭੀਰ ਸੰਵਾਦ ਰਚਾਉਣ ਅਤੇ ਉਸਦਾ ਉਚਿਤ ਦਵੰਦਾਤਮਿਕ ਇਤਿਹਾਸਕ ਪਰਿਪੇਖ ਵਿਚ ਵਿਸ਼ਲੇਸ਼ਣ-ਮੁਲਾਂਕਣ ਕਰਨ ਵਾਲੇ ਵਿਕਸਤ ਮਾਰਕਸਵਾਦੀ ਸੰਦਰਭ ਨੂੰ ਜਜ਼ਬ ਕਰਨ ਦੀ ਦਿਸ਼ਾ ਵਿਚ ਵੀ ਡਾ.ਟੀ. ਆਰ. ਵਿਨੋਦ ਦਾ ਸਮੀਖਿਆ ਕਾਰਜ ਬਹੁਤੇ  ਵਿਸਤ੍ਰਿਤ ਤੇ ਡੂੰਘੇ ਰੁਖ ਨਹੀਂ ਫੈਲਦਾ, ਭਾਵੇਂ ਇੱਥੇ ਵੀ ਡਾ. ਵਿਨੋਦ ਬਹੁਲਤਾਵਾਦੀ ਥੀਊਰੀ ਨੂੰ ਸੰਕਟਗ੍ਰਸਤ ਸਮਝਦਾ ਹੋਇਆ ਮਾਰਕਸਵਾਦੀ ਜੀਵਨ-ਦਰਸ਼ਨ ਨੂੰ ਹੀ ਸਾਰਥਕ ਦ੍ਰਿਸ਼ਟੀਕੋਣ ਵਜੋਂ, ਠੀਕ ਹੀ ਦ੍ਰਿੜ੍ਹ ਕਰਵਾਉਂਦਾ ਹੈ।

ਪੰਜਾਬੀ ਨਾਵਲ ਦੇ ਉਦਭਵ ਸਬੰਧੀ ਗੰਭੀਰ ਮਸਲੇ ਨੂੰ ਘੋਖਦਿਆਂ ਡਾ. ਰਾਹੀ ਇਸ ਤੱਥ ਪ੍ਰਤਿ ਸੁਚੇਤ ਰਹਿੰਦਾ ਹੈ ਕਿ ਪੰਜਾਬੀ ਨਾਵਲ ਦੇ ਉਦਭਵ ਤੇ ਵਿਕਾਸ ਦੇ ਇਤਿਹਾਸਕ ਵਰਤਾਰੇ ਨੂੰ ਸਮਝਣ ਲਈ ਨਾਵਲ ਵਿਧਾ ਦੀਆਂ ਨਿਸਚਿਤ ਰੀਤੀਆਂ ਆਰੋਪਿਤ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਬਲਕਿ ਕਿਸੇ ਵੀ ਨਾਵਲੀ ਰਚਨਾ ਨੂੰ ਉਸ ਦੇ ਇਤਿਹਾਸਕ ਸੰਦਰਭ ਵਿਚ ਹੀ ਵਿਚਾਰਿਆ ਜਾਣਾ ਉਚਿਤ ਹੈ। ਇਸੇ ਕਰਕੇ ਨਾਵਲੀ ਰਚਨਾਵਾਂ ਦਾ ਪਾਠਗਤ ਅਧਿਐਨ, ਵਿਸ਼ਲੇਸ਼ਣ, ਮੁਲਾਂਕਣ ਕਰਨ ਵੇਲੇ ਉਹ ਕਿਸੇ ਵੀ ਸਮੇਂ ਦੀਆਂ ਰਚਨਾਵਾਂ ਨੂੰ ਨਾਵਲ ਦੇ ਸਥਾਪਿਤ ਵਿਧਾ-ਸ਼ਾਸਤਰੀ ਚੌਖਟੇ ਵਿਚ ਫਿੱਟ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਕਿਉਂਕਿ ਰਚਨਾਵਾਂ ਦੇ ਉਦਭਵ ਜਾਂ ਵਿਕਾਸ ਨਾਲ ਸਬੰਧਿਤ ਇਤਿਹਾਸਕ ਹਾਲਤਾਂ ਦੀ ਸਮਝ ਵਿਧਾ-ਸ਼ਾਸਤਰੀ ਦਸਤੂਰ ਦੇ ਚੌਖਟੇ ਤੋਂ ਬਾਹਰ ਰਹਿ ਸਕਦੀ ਹੈ। ਆਪਣੇ ਅੰਤਿਮ ਅਰਥਾਂ ਵਿਚ :

> ਸਾਹਿਤ ਦਾ ਅਧਿਐਨ ਉਸ ਵਿਵਸਥਾ ਦੀ ਹਰਕਤ ਨੂੰ ਸਮਝਣ ਦਾ ਵਸੀਲਾ ਹੈ ਜਿਸ ਵਿਚ ਕੋਈ ਸਾਹਿਤ ਉਪਜਿਆ, ਪਨਪਿਆ ਜਾਂ ਨਿੱਸਰ ਵਿੱਸਰ ਗਿਆ। ਇਸ ਤੋਂ ਬੇਨਿਆ ਅਧਿਐਨ ਆਪਣੇ ਸਾਰੇ ਜਲੌਅ ਦੇ ਬਾਵਜੂਦ ਵਿਚਾਰ-ਵਸਤੂ ਵਿਚ ਖਾਲੀ ਹੋਵੇਗਾ।[1]

ਇਸ ਤਰਕ ਦੀ ਰੋਸ਼ਨੀ ਵਿਚ ਹੀ ਡਾ. ਜੋਗਿੰਦਰ ਸਿੰਘ ਰਾਹੀ ਆਪਣੇ ਤੋਂ ਪੂਰਵਲੇ ਪੰਜਾਬੀ ਨਾਵਲ ਆਲੋਚਕਾਂ ਦੀ ਅਧਿਐਨ ਦ੍ਰਿਸ਼ਟੀ ਸਾਹਮਣੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੋਇਆ ਸਪੱਸ਼ਟ ਕਰਦਾ ਹੈ ਕਿ ਇਸ ਆਲੋਚਨਾ ਵਿਚ ਰਚਨਾ ਨੂੰ ਜਦ ਉਸ ਦੀ ਇਤਿਹਾਸਕ ਸਥਿਤੀ ਦੇ ਸਨਮੁਖ ਘੱਟ ਹੀ ਵਿਚਾਰਿਆ ਗਿਆ ਹੈ ਇਸ ਪ੍ਰਚਲਿਤ ਸਮੀਖਿਆ ਤੋਂ ਰਾਹ ਨਿਖੇੜਦਾ ਹੋਇਆ ਉਹ ਮੁਢਲੇ ਪੰਜਾਬੀ ਨਾਵਲ ਦਾ ਅਧਿਐਨ ਇਤਿਹਾਸਕ ਪ੍ਰਸਥਿਤੀ ਦੇ ਪ੍ਰਸੰਗ ਵਿਚ ਕਰਕੇ ਵਿਹਾਰਕ ਸਮੀਖਿਆ ਦੇ ਨਵੇਂ ਪਾਸਾਰ ਤੇ ਅੰਤਰ ਦ੍ਰਿਸ਼ਟੀਆਂ ਉਜਾਗਰ ਕਰਦਾ ਹੈ। ਮੁਢਲੇ ਪੰਜਾਬੀ ਨਾਵਲ ਨੂੰ ਗੁਣ ਪੱਖੋਂ ਨਕਾਰਨ ਵਾਲੀ ਸਮੀਖਿਆ ਦ੍ਰਿਸ਼ਟੀ ਦੇ ਉਲਟ ਡਾ. ਰਾਹੀ ਸਾਡੇ ਮੁਢਲੇ ਨਾਵਲਕਾਰਾਂ ਭਾਈ ਵੀਰ ਸਿੰਘ ਤੇ ਮੋਹਨ ਸਿੰਘ ਵੈਦ ਦੇ ਧਾਰਮਿਕਤਾ ਨਾਲ ਸਬੰਧਿਤ ਨਾਵਲਾਂ ਨੂੰ ਅੰਗਰੇਜ਼ੀ ਰਾਜ ਪ੍ਰੇਰਿਤ ਈਸਾਈ ਮਿਸ਼ਨਰੀ ਨਾਵਲਾਂ ਦੁਆਰਾ ਉਚਿਤ ਠਹਿਰਾਈ ਜਾ ਰਹੀ ਰਾਜਨੀਤਕ-ਸਾਂਸਕ੍ਰਿਤਕ ਗੁਲਾਮੀ ਵਾਲੀ ਸਿਆਸਤ ਦੇ ਵਿਰੋਧੀ ਸਿੱਧ ਕਰਦਾ ਹੈ। ਇਸ ਨਜ਼ਰੀਏ ਤੋਂ ਦੇਖਿਆਂ ਰੁਮਾਨੀ ਜੁਗਤਾਂ ਦੀ ਵਰਤੋਂ ਸਾਡੇ ਮੁਢਲੇ ਪੰਜਾਬੀ ਨਾਵਲ ਦੀ ਤਾਕਤ ਦਿਸਦੀ ਹੈ, ਕਮਜ਼ੋਰੀ ਨਹੀਂ।

ਨਿਰਸੰਦੇਹ ਅਜਿਹੇ ਗੰਭੀਰ ਅਧਿਐਨ ਦੀ ਰੌਸ਼ਨੀ ਵਿਚ ਹੀ ਮੁਢਲੇ ਪੰਜਾਬੀ ਨਾਵਲ ਦੀਆਂ ਵਿਧਾ-ਸ਼ਾਸਤਰੀ ਸੀਮਾਵਾਂ ਦੇ ਬਾਵਜੂਦ ਉਸ ਦੀ ਇਤਿਹਾਸਕ ਸਾਰਥਕਤਾ ਦੇ ਸੰਦਰਭ ਨੂੰ ਘੋਖਿਆ ਜਾ ਸਕਦਾ ਸੀ ਪਰ ਪ੍ਰਗਤੀਵਾਦੀ ਨਾਵਲ ਆਲੋਚਕਾਂ ਦੇ ਇਤਿਹਾਸਕ ਮਹੱਤਵ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪ੍ਰਗਤੀਵਾਦੀ ਸਮੀਖਿਆ ਦੀ ਮਹੱਤਤਾ ਮੁਢਲੇ ਪੰਜਾਬੀ  ਨਾਵਲਕਾਰਾਂ ਦੀ ਗਲਪ-ਦ੍ਰਿਸ਼ਟੀ ਵਿਚ ਪਏ ਅੰਤਰ-ਵਿਰੋਧਾਂ ਨੂੰ ਘੋਖਣ ਤੇ ਪੰਜਾਬੀ ਨਾਵਲ ਦੀ ਵਿਕਾਸ ਦਿਸ਼ਾ ਨੂੰ ਪ੍ਰਭਾਵਿਤ ਕਰਨ ਵਿਚ ਮਿਲੇਗੀ। ਇਤਿਹਾਸਕ ਹਾਲਤਾਂ ਦੁਆਰਾ ਪੈਦਾ ਕੀਤੀਆਂ ਸਥਿਤੀਆਂ ਤੋਂ ਇਲਾਵਾ ਪੰਜਾਬੀ ਨਾਵਲਕਾਰਾਂ ਦੇ ਅਨੁਭਵ ਨੂੰ ਜੀਵਨ ਦੀ ਜਟਿਲਤਾ ਦੇ ਵਿਵੇਕ ਨਾਲ ਜੋੜਨ ਵਿਚ ਵੀ ਪ੍ਰਗਤੀਵਾਦੀ ਚਿੰਤਕਾਂ ਦੇ ਯੋਗਦਾਨ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਦੂਸਰਾ ਵਿਚਾਰਨਯੋਗ ਮਸਲਾ ਇਹ ਹੈ ਕਿ ਡਾ. ਰਾਹੀ ਨੇ ਮੁਢਲੇ ਪੰਜਾਬੀ ਨਾਵਲ ਦੀ ਇਤਿਹਾਸਕ ਅਹਿਮੀਅਤ ਸਬੰਧੀ ਜੋ ਧਾਰਨਾ ਬਣਾਈ ਹੈ ਕਿ ਇਨ੍ਹਾਂ ਨਾਵਲਾਂ ਨੇ ਈਸਾਈ ਮਿਸ਼ਨਰੀਆਂ ਦੀ ਗਲਪ ਦੁਆਰਾ ਖੜ੍ਹੀ ਕੀਤੀ ਸੁਤੰਤਰਤਾ ਦੀ ਮਿੱਥ ਦਾ ਖੰਡਨ ਕੀਤਾ ਹੈ - ਉਸ ਬਾਰੇ ਕਿਸ ਕਿਸਮ ਦੀ ਪ੍ਰਤੀਕਿਰਿਆ ਮਿਲਦੀ ਹੈ? ਡਾ. ਰਾਹੀ ਦੀਆਂ ਧਾਰਨਾਵਾਂ ਦੇ ਉਲਟ ਮਾਰਕਸਵਾਦੀ ਗਲਪ ਆਲੋਚਕ ਡਾ. ਟੀ.ਆਰ.ਵਿਨੋਦ ਨੇ ਮੁਢਲੇ ਪੰਜਾਬੀ ਨਾਵਲਕਾਰ ਭਾਈ ਵੀਰ ਸਿੰਘ

ਰਾਹੀਂ ਦੇ ਨਾਵਲ **ਬਾਬਾ ਨੌਧ ਸਿੰਘ** ਦੇ ਨਿਕਟ ਪਾਠਗਤ ਵਿਸ਼ਲੇਸ਼ਣ ਰਾਹੀਂ ਇਸ ਨਾਵਲ ਨੂੰ ਅੰਗਰੇਜ਼ੀ ਸਾਮਰਾਜ ਪੱਖੀ ਸਿੱਧ ਕੀਤਾ ਹੈ। ਧਿਆਨ ਦੇਣ ਯੋਗ ਬੁਨਿਆਦੀ ਨੁਕਤਾ ਇਹ ਹੈ ਕਿ ਦੋਹਾਂ ਵਿਦਵਾਨਾਂ ਦੇ ਵਿਚਾਰਾਂ ਵਿਚਲਾ ਇਹ ਅੰਤਰ ਕਿਵੇਂ ਉਪਜਿਆ ਹੈ? ਅਸਲ ਵਿਚ ਇਸ ਦਾ ਮੂਲ ਕਾਰਨ ਇਹ ਹੈ ਕਿ ਡਾ. ਟੀ.ਆਰ ਵਿਨੋਦ ਆਪਣੇ ਮਾਰਕਸਵਾਦੀ ਦ੍ਰਿਸ਼ਟੀਕੋਣ ਸਦਕਾ ਸਾਡੇ ਮੁਢਲੇ ਨਾਵਲਕਾਰਾਂ ਦੀ ਰਚਨਾ-ਦ੍ਰਿਸ਼ਟੀ ਵਿਚ ਪਏ ਜਮਾਤੀ ਅੰਤਰ-ਵਿਰੋਧ ਨੂੰ ਪਕੜ ਲੈਂਦਾ ਹੈ, ਜਦਕਿ ਡਾ. ਰਾਹੀ ਆਪਣੇ ਗ਼ੈਰ-ਮਾਰਕਸਵਾਦੀ ਦ੍ਰਿਸ਼ਟੀਕੋਣ ਸਦਕਾ ਇਸ ਮੂਲ ਮਾਰਕਸਵਾਦੀ ਸੂਤਰ ਵੱਲ ਯੋਗ ਧਿਆਨ ਨਹੀਂ ਦੇ ਸਕਿਆ ਕਿ ਜਮਾਤੀ ਸਮਾਜ ਵਿਚ ਹਰ ਮਸਲਾ, ਅੰਤਿਮ ਤੌਰ ’ਤੇ, ਜਮਾਤੀ ਦ੍ਰਿਸ਼ਟੀਕੋਣ ਨਾਲ ਸਚੇਤ-ਅਚੇਤ ਜੁੜਿਆ ਹੁੰਦਾ ਹੈ। ਉਪਰੋਕਤ ਧਾਰਨਾਵਾਂ ਦੇ ਸਨਮੁਖ ਵਿਚਰਦਿਆਂ ਡਾ. ਰਾਹੀ ਦੁਆਰਾ ਸਥਾਪਿਤ ਕੀਤਾ ਮੁਢਲੇ ਪੰਜਾਬੀ ਨਾਵਲ ਦਾ ਇਤਿਹਾਸਕ ਮਹੱਤਵ ਕੁਝ ਹੱਦ ਤਕ ਵਿਸਥਾਪਿਤ ਤਾਂ ਨਿਰਸੰਦੇਹ ਹੁੰਦਾ ਹੈ ਪਰ ਰੱਦ ਨਹੀਂ ਹੁੰਦਾ। ਸਾਡੇ ਲਈ ਇਸ ਮਸਲੇ ਦੀਆਂ ਕੁਝ ਹੋਰ ਬਾਰੀਕੀਆਂ ਨੂੰ ਘੋਖਣਾ ਅਤਿਅੰਤ ਜ਼ਰੂਰੀ ਹੈ, ਜਿੰਨ੍ਹਾਂ ਵਿਚੋਂ ਪਹਿਲਾ ਬੁਨਿਆਦੀ ਪੱਖ ਹੈ ਮੁਢਲੇ ਪੰਜਾਬੀ ਨਾਵਲ ਦੀ ਦਾਰਸ਼ਨਿਕ ਦ੍ਰਿਸ਼ਟੀ ਦੀ ਘੋਖ ਦਾ। ਇਤਿਹਾਸਕ ਪਰਿਪੇਖ ਵਿਚ ਵੇਖਦਿਆਂ ਪਤਾ ਚਲਦਾ ਹੈ ਕਿ ਆਰੀਆਈ ਬਹੁਦੇਵਵਾਦ ਅਤੇ ਇਸਲਾਮੀ ਇਕ ਈਸ਼ਵਰਵਾਦ ਦੀ ਰਗੜ ਵਿਚੋਂ ਪੈਦਾ ਹੋਈ ਗੁਰਮਤਿ ਪਰੰਪਰਾ ਨੇ ਆਪਣੇ ਇਤਿਹਾਸਕ ਰੋਲ ਨੂੰ ਪਛਾਨਦਿਆਂ ਇਨ੍ਹਾਂ ਦੋਹਾਂ ਪਰੰਪਰਾਵਾਂ ਦੇ ਜੜ੍ਹ ਹੋ ਚੁੱਕੇ ਪੱਖਾਂ ਨੂੰ ਨਕਾਰਨ ਅਤੇ ਸਕ੍ਰਿਆ ਅੰਗ ਨੂੰ ਸਵੀਕਾਰਨ ਦਾ ਕੰਮ ਇਕੋ ਵੇਲੇ ਕੀਤਾ। ਅਧਿਆਤਮਿਕ ਦ੍ਰਿਸ਼ਟੀ ਦੇ ਬਾਵਜੂਦ ਗੁਰਬਾਣੀਕਾਰ ਧਾਰਮਿਕ-ਸੰਪਰਦਾਇਕ ਕੱਟੜਤਾ ਦੇ ਵਿਰੋਧ ਵਿਚ ਆਪਣਾ ਸੁਰ ਉਚਾਰਦੇ ਹਨ। ਉਨ੍ਹਾਂ ਦੀ ਸੂਝ ਧਰਮ-ਵਿਸ਼ੇਸ਼ ਦੇ ਪ੍ਰਤਿਮਾਨਾਂ ਨੂੰ ਵਿਆਪਕ ਅਰਥ ਪ੍ਰਦਾਨ ਕਰਕੇ ਪਾਰ-ਸੰਪਰਦਾਇਕ ਮਾਨਵੀਂ ਮੁੱਲਾਂ ਨਾਲ ਜੋੜਨ ਪ੍ਰਤਿ ਰੁਚਿਤ ਹੈ। ਸੰਪਰਦਾਇਕਤਾ, ਕਿਉਂਕਿ ਕੇਵਲ ਧਾਰਮਿਕਤਾ ਤਕ ਸੀਮਿਤ ਨਾ ਹੋ ਕੇ ਆਰਥਿਕ ਆਧਾਰ ਨਾਲ ਵੀ ਜਟਿਲ ਦਵੰਦਾਤਮਿਕ ਸਬੰਧਾਂ ਵਿਚ ਬੱਝੀ ਹੋਈ ਹੈ, ਇਸ ਕਰਕੇ ਗੁਰਬਾਣੀਕਾਰ ਮਾਇਆ ਉੱਪਰ ਨਾਮ ਦੀ ਬਰਤਰੀ ਦਰਸਾ ਕੇ ਇਹ ਸਿੱਧ ਕਰਦੇ ਹਨ ਕਿ ਪਦਾਰਥਕ ਸ਼ਕਤੀ ਉੱਪਰ ਅਧਿਕਾਰ ਕਦੇ ਵੀ ਬੰਦੇ ਦੀ ਬੰਦਗੀ ਤੋਂ ਉੱਪਰ ਨਹੀਂ ਹੋ ਸਕਦਾ। ਪਦਾਰਥਕ ਸ਼ਕਤੀ ਦੀ ਸੀਮਾਂ ਨੂੰ ਪਛਾਣ ਕੇ, ਉਲੰਘ ਕੇ ਹੀ ਮਨੁੱਖ ਆਪਣੇ ਆਪ ਨੂੰ ਨਾਮ ਨਾਲ ਜੋੜ ਸਕਦਾ ਹੈ। ਡਾ. ਗੁਰਭਗਤ ਸਿੰਘ ਨੇ ਆਪਣੀ ਪੁਸਤਕ **ਕਾਵਿ ਸ਼ਾਸਤਰ ਦੇਹ ਅਤੇ ਕ੍ਰਾਂਤੀ** ਵਿਚ ਮਾਰਸ਼ਲ ਮੌਸ ਦੀ ਪੁਸਤਕ *The Gift* ਦਾ ਹਵਾਲਾ ਦਿੰਦਿਆਂ ਲਿਖਿਆ ਹੈ :

> ਮੌਸ ਨੇ ਪੁਰਾਤਨ ਕਬੀਲਿਆਂ ਦੇ ਵਟਾਂਦਰੇ ਅਭਿਆਸ ਬਾਰੇ ਇਹ ਸਥਾਪਿਤ ਕੀਤਾ ਹੈ ਕਿ ਵਿਸ਼ੇਸ਼ ਕਰਕੇ ਮੈਲੇਨੇਸ਼ੀਆ ਅਤੇ ਪੌਲੇਨੇਸ਼ੀਆਂ ਵਿਚ ਇਹ ਵਟਾਂਦਰਾ ਕੇਵਲ ਉਪਭੋਗੀ ਕਿਰਤ ਵਟਾਉਣ ਉੱਤੇ ਆਧਾਰਿਤ ਨਹੀਂ ਸੀ, ਇਸ ਦੇ ਪਿੱਛੇ ਇਕ ਪੂਰਾ ਸਦਾਚਾਰ ਸੀ। ਇਹ ਵਟਾਂਦਰਾ ਆਪਣੇ ਆਦਰ ਮਾਣ ਨੂੰ ਵਧਾਉਣ ਅਤੇ ਜ਼ਿੰਦਗੀ ਦਾ ਆਨੰਦ ਲੈਣ ਲਈ ਵੀ ਸੀ। ਭਾਵੇਂ ਇਹ ਆਪਣੀ ਅਮੀਰੀ ਵਧਾਉਣ ਲਈ ਵੀ ਸੀ ਕਿਉਂਕਿ ਸੌਗਾਤ ਦਾ ਮੋੜਨਾ ਜ਼ਰੂਰੀ ਸੀ। ਪਰ ਇਸ ਦਾ ਆਧਾਰ ਕੇਵਲ ਆਰਥਿਕ ਨਹੀਂ ਸੀ ਜਿਵੇਂ ਕਿ ਪੱਛਮ ਵਿਚ ਇਸ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਹੈ।[2]

ਪਰ ਗੁਰਬਾਣੀਕਾਰ ਤਾਂ ਅਧਿਆਤਮਕ ਮੁਹਾਂਵਰੇ ਵਿਚ ਖ਼ੁਦ ਆਪਣੇ ਆਪ ਨੂੰ giot ਬਣਾ ਲੈਣ ਦਾ ਸੰਕਲਪ ਲੈ ਕੇ ਆਉਂਦੇ ਹਨ ਜੋ ਕਿ ਉੱਚ ਮਾਨਵੀ ਆਦਰਸ਼ਾਂ ਵਾਸਤੇ ਪਿਆਰ ਦੀ ਸਹਿਜ ਭਾਵਨਾ ਸਮੇਤ ਆਪਾ-ਸਮਰਪਣ ਹੈ। ਅਗਲੀ ਸਮੱਸਿਆ ਇਹ ਹੈ ਕਿ ਬੰਦਾ ਆਪਣੇ ਆਪ ਨੂੰ giot ਰੂਪ ਵਿਚ ਪੇਸ਼ ਤਾਂ ਕਰ ਸਕਦਾ ਹੈ ਪਰ ਉਹ ਆਪਣੇ ਇਸ ਰੂਪ ਨੂੰ ਮਾਇਆਵਾਦੀ ਸ਼ਕਤੀ ਵਾਲੇ ਪ੍ਰਬੰਧ ਨਾਲੋਂ ਭਾਰੂ ਸਮਾਜਕ ਸ਼ਕਤੀ ਕਿਵੇਂ ਬਣਾਏ? ਇਸ ਮਸਲੇ ਨਾਲ ਨਜਿੱਠਣ ਲਈ ਹੀ ਗੁਰਬਾਣੀਕਾਰਾਂ ਨੇ ਸੰਤ-ਸਿਪਾਹੀ ਦੇ ਸੁਮੇਲ ਉੱਪਰ ਬਲ ਦਿੱਤਾ ਸੀ ਤੇ ਇਸ ਧਾਰਮਿਕ ਵਿਸਵਾਸ਼ ਦੀ ਪਕਿਆਈ ਆਲੇ-ਦੁਆਲੇ ਵਿਚ ਪਸਰੀਆਂ ਮਾਨਵ-ਵਿਰੋਧੀ ਤਾਕਤਾਂ ਨਾਲ ਟਾਕਰਾ ਲੈਣ ਵਾਸਤੇ ਪੈਦਾ ਹੋਈ ਹੈ। ਨਿਰੰਕੁਸ਼ ਰਾਜ ਸ਼ਕਤੀ ਦੀ ਮਾਨਵ-ਧ੍ਰੋਹੀ ਸਿਆਸਤ ਦਾ ਟਾਕਰਾ ਕਰਨ ਲਈ ਬੰਦਗੀ ਨੂੰ ਪਛਾਣਨਾ ਤੇ ਕਾਇਮ ਰੱਖਣਾ ਸਾਰਥਕ ਸਿਆਸਤ ਨਾਲ ਜੁੜਨਾ ਹੈ। ਐਸੀ ਦ੍ਰਿਸ਼ਟੀ ਗ੍ਰਹਿਣ ਕਰਨ ਲਈ ਇੱਛਾਵਾਂ ਦੇ ਬੇਮੁਹਾਰ ਵੇਗ, ਹਉਮੈਂ ਤੇ ਜ਼ੁਲਮ ਨੂੰ ਨਕਾਰਨਾ ਜ਼ਰੂਰੀ ਹੈ ਅਤੇ ਇਹ ਸਭ ਕੁਝ ਆਤਮ ਪਾਕੀਜ਼ਗੀ ਦੁਆਰਾ ਹੀ ਸੰਭਵ ਬਣਦਾ ਹੈ। ਨਾਮ ਨਾਲ ਜੁੜਨਾ ਦ੍ਰਿੜ੍ਹਤਾ ਨੂੰ ਪ੍ਰਾਣ ਸ਼ਕਤੀ ਬਣਾਉਂਣਾ ਹੈ, ਦ੍ਰਿੜ੍ਹਤਾ ਨੂੰ ਪ੍ਰਾਣ ਸ਼ਕਤੀ ਬਣਾਉਂਣਾ ਬੇਮੁਹਾਰ ਮਾਇਆਵਾਦੀ ਇੰਦਰਿਆਵੀ ਸ਼ੋਰ ਨੂੰ ਕਾਬੂ ਕਰਨਾ ਤੇ ਉਸ ਵਿਰੁੱਧ ਸੰਘਰਸ਼ ਕਰਨਾ ਹੈ। ਗੁਰੂ ਨਾਨਕ ਦੇਵ ਜੀ ਦੀ **ਆਸਾ ਦੀ ਵਾਰ** ਤੋਂ ਗੁਰੂ ਗੋਬਿੰਦ ਸਿੰਘ ਦੀ **ਚੰਡੀ ਦੀ ਵਾਰ**


**www.sanvad.org**
ISSN : 2395-1273

ਤਕ ਪਹੁੰਚਦਿਆਂ ਮਸਤਕ ਦੀ ਰੌਸ਼ਨੀ ਬਾਹਾਂ ਦੀ ਸ਼ਕਤੀ ਬਣਦੀ ਪ੍ਰਤੀਤ ਹੁੰਦੀ ਹੈ। ਇਸ ਸੰਘਰਸ਼ ਅਧੀਨ ਆਪਣੇ ਆਪ ਨੂੰ ਗਿੱਟ ਬਣਾਉਣ ਦੇ ਨਾਲੋ-ਨਾਲ ਖਾਲਸੇ ਦਾ ਰਾਜ ਸਥਾਪਿਤ ਕਰਨ ਦੀ ਅਕਾਂਖਿਆ ਵੀ ਸ਼ਾਮਿਲ ਹੋ ਜਾਂਦੀ ਹੈ। ਆਪਣੇ ਸਾਮੰਤਸ਼ਾਹੀ ਖਾਸੇ ਦੇ ਬਾਵਜੂਦ 18ਵੀਂ ਸਦੀ ਦੇ ਸਿੱਖਾਂ ਦਾ ਇਤਿਹਾਸਕ ਰੋਲ ਆਪਣੀ ਹੋਂਦ ਤੇ ਮਾਨਵੀਂ ਮੁੱਲਾਂ ਖਾਤਰ ਲੜ ਰਹੇ ਬਹਾਦਰ ਯੋਧਿਆਂ ਵਾਲਾ ਹੈ। ਸ਼ਾਹ ਮੁਹੰਮਦ ਵੀ ਆਪਣੇ ਜੰਗਨਾਮੇ ਵਿਚ ਸਿੱਖਾਂ ਨਾਲ ਹਮਦਰਦੀ ਰੱਖਣ ਦੇ ਬਾਵਜੂਦ ਸੰਪਰਦਾਇਕ ਕੱਟੜਤਾ ਤੋਂ ਦੂਰ ਰਹਿਣ ਦਾ ਯਤਨ ਕਰਦਾ ਹੈ। ਨਿਰਸੰਦੇਹ ਸਾਡੇ ਮੁਢਲੇ ਨਾਵਲਕਾਰਾਂ ਦੀ ਰਚਨਾ ਦਾ ਪ੍ਰੇਰਨਾ ਸ੍ਰੋਤ ਗੁਰਬਾਣੀ ਦੀ ਵਿਚਾਰਧਾਰਾ, ਸ਼ਹੀਦੀਆਂ ਭਰਪੂਰ ਸਿੱਖ ਇਤਿਹਾਸ, ਜਨਮ ਸਾਖੀਆਂ ਅਤੇ ਆਪਣੇ ਸਮੇਂ ਦੇ ਸੰਕਟ ਹਨ। ਇਸ ਜਟਿਲ ਸਥਿਤੀ ਦੀ ਸਿਰਜਣਾ ਸਾਡੇ ਮੁਢਲੇ ਨਾਵਲਕਾਰਾਂ ਨੇ ਅਧਿਆਤਮਿਕ ਸੰਪਰਦਾਇਕ ਦ੍ਰਿਸ਼ਟੀ ਤੋਂ ਕੀਤੀ ਹੈ।

ਆਪਣੇ ਨਾਵਲਾਂ ਵਿਚ ਗਿਫ਼ਟ ਰੂਪ ਨਾਲ ਜੁੜਿਆ ਹੋਣ ਕਰਕੇ ਭਾਈ ਵੀਰ ਸਿੰਘ ਨਾਮੀ ਨਾਵਲਕਾਰ ਹੈ, ਸੰਪਰਦਾਇਕਤਾ ਤੇ ਸੀਮਤ ਰਾਜ ਸ਼ਕਤੀ ਦੀ ਅਕਾਂਖਿਆ ਨਾਲ ਜੁੜਿਆ ਹੋਣ ਕਰਕੇ ਬੰਦ ਬਿਰਤਾਂਤ ਦਾ ਸਿਰਜਨਹਾਰ। ਇਹੀ ਬੰਦ-ਬਿਰਤਾਂਤ ਉਸ ਦੇ ਨਾਵਲਾਂ ਦਾ ਖੇਤਰ ਪੰਜਾਬ ਦੇ ਇਕ ਛੋਟੇ ਹਿੱਸੇ ਤਕ ਸੀਮਤ ਕਰ ਦਿੰਦਾ ਹੈ, ਗੁਰਬਾਣੀ ਅੰਦਰਲੀਆਂ ਪਾਰ-ਸੰਪਰਦਾਇਕ ਵਿਸ਼ਵ ਵਿਆਪੀ ਧੁਨੀਆਂ ਮੱਧਮ ਪੈ ਜਾਂਦੀਆ ਹਨ। ਸੰਪਰਦਾਇਕਤਾ ਦੇ ਦਖ਼ਲ ਕਰਕੇ ਉੱਚ ਮਾਨਵੀ ਗਿੱਟ ਰੂਪ ਵੀ ਆਪਣੀ ਮੂਲ ਪ੍ਰਕਿਰਤੀ ਨਾਲੋਂ ਟੁੱਟ ਜਾਂਦਾ ਹੈ। ਡਾ. ਰਾਹੀ ਸਾਡੇ ਮੁਢਲੇ ਨਾਵਲਕਾਰਾਂ ਦੀਆਂ ਰਚਨਾਵਾਂ ਵਿਚਲੀ ਧਾਰਮਿਕ ਸੰਪਰਦਾਇਕਤਾ ਨੂੰ ਈਸਾਈ ਮਿਸ਼ਨਰੀਆਂ ਦੀਆਂ ਰਚਨਾਵਾਂ ਵਿਚਲੀ ਸਿਆਸਤ ਦੇ ਵਿਰੋਧੀ ਵੀ ਸਿੱਧ ਕਰਦਾ ਹੈ ਅਤੇ ਇਸ ਰਚਨਾ-ਵਸਤੂ ਨੂੰ ਪੰਜਾਬੀ ਨਾਵਲ ਦੇ ਉਦਭਵ ਲਈ ਜ਼ਰੂਰੀ ਵੀ ਸਮਝਦਾ ਹੈ। ਇੱਥੇ ਸਮਝਣਯੋਗ ਮਸਲਾ ਇਹ ਹੈ ਕਿ ਸਾਡੇ ਮੁਢਲੇ ਨਾਵਲਕਾਰਾਂ ਵਿਚਲੀ ਸੰਪਰਦਾਇਕ ਭਾਵਨਾ ਕਾਰਣ ਵੀ 1947 ਦੀ ਦੇਸ਼ ਵੰਡ ਅਤੇ 1980 ਨੇੜਲੇ ਪੰਜਾਬ ਸੰਕਟ ਵਰਗੇ ਦੁਖਾਂਤ ਨੂੰ ਜਨਮ ਦੇਣ ਵਾਲੀ ਕੂਟ-ਰਾਜਨੀਤਕ ਸਿਆਸਤ ਨੂੰ ਸਿੱਧੇ-ਅਸਿੱਧੇ ਤੌਰ ‘ਤੇ ਯਥਾਯੋਗ ਬਲ ਮਿਲਿਆ। ਵਰਿਆਮ ਸੰਧੂ ਆਪਣੀ ਇਕ ਕਹਾਣੀ ‘ਪਰਛਾਵੇਂ’ ਵਿਚ 1980 ਨੇੜਲੇ ਪੰਜਾਬ ਸੰਕਟ ਨੂੰ ਪ੍ਰਤੀਕਾਤਮਕ ਪੱਧਰ ‘ਤੇ 1947 ਦੀ ਦੇਸ਼ ਵੰਡ ਦੇ ਪਰਛਾਵੇਂ ਕਹਿੰਦਾ ਹੈ। ਸਪੱਸ਼ਟ ਹੈ ਕਿ ਸਾਹਿਤਕ ਰਚਨਾਵਾਂ ਦੇ ਇਤਿਹਾਸਕ ਪਾਸਾਰ ਇਕਹਿਰੇ ਨਹੀਂ, ਦੂਹਰੇ-ਤੀਹਰੇ ਹੁੰਦੇ ਹਨ। ਤਤਕਾਲੀਨ ਹਾਲਤਾਂ ਦੀ ਉਪਜ ਹੋਣ ਦੇ ਬਾਵਜੂਦ ਸਾਹਿਤਕ ਰਚਨਾਵਾਂ ਅਤੀਤ ਨਾਲ ਜੁੜ ਕੇ ਭਵਿੱਖ ਉੱਪਰ ਵੀ ਅਸਰ-ਅੰਦਾਜ਼ ਹੁੰਦੀਆਂ ਹਨ। ਮੁਢਲੇ ਪੰਜਾਬੀ ਨਾਵਲ ਦਾ ਇਤਿਹਾਸਕ ਮਹੱਤਵ ਸਥਾਪਿਤ ਕਰਨ ਵੇਲੇ ਡਾ. ਰਾਹੀ ਇਸ ਜਟਿਲਤਾ ਦਾ ਨਿਤਾਰਾ ਕਰਨ ਤੋਂ ਖੁੰਝ ਗਿਆ ਹੈ। ਅਜੋਕੇ ਪ੍ਰਸੰਗ ਵਿਚ ਸਮਝਣਯੋਗ ਅਤਿਅੰਤ ਮਹੱਤਵਪੂਰਨ ਸਿਆਸਤ ਇਹ ਹੈ ਕਿ ਆਧੁਨਿਕ ਯੁਗ ਵਿਚ ਵਿਦੇਸ਼ੀ ਸਾਮਰਾਜਵਾਦੀਆਂ ਨੇ ਆਪਣੇ ਸੌੜੇ ਹਿਤਾਂ ਦੀ ਰੱਖਿਆ ਕਰਨ ਖਾਤਰ ਹਿੰਦੋਸਤਾਨ ਦੇ ਲੋਕਾਂ ਨੂੰ ਧਾਰਮਿਕ ਸੰਪਰਦਾਇਕਤਾ ਦੀਆਂ ਕੰਡਿਆਲੀਆਂ ਤਾਰਾਂ ਵਿਚ ਫਸਾਇਆ ਸੀ ਜਿਸ ਤੋਂ ਉਹ ਅੱਜ ਤਕ ਬਾਹਰ ਨਹੀਂ ਆ ਸਕੇ।

ਡਾ. ਰਾਹੀ ਨਾਨਕ ਸਿੰਘ ਦੀ ਰਚਨਾ-ਦ੍ਰਿਸ਼ਟੀ ਦੇ ਬੁਨਿਆਦੀ ਅੰਤਰ-ਵਿਰੋਧਾਂ ਨੂੰ ਅਚਾਰ ਨੀਤੀ, ਸਿਆਸਤ ਤੇ ਮੱਧ ਸ਼੍ਰੇਣਿਕ ਮਾਨਸਿਕਤਾ ਨਾਲ ਜੋੜਦਾ ਹੋਇਆ ਸਪੱਸ਼ਟ ਕਰ ਦਿੰਦਾ ਹੈ ਕਿ ਨਾਨਕ ਸਿੰਘ ਦੀ ਵੱਡੀ ਫ਼ਿਕਰ ਯਥਾਰਥ ਦੇ ਵਿਵੇਕ ਨੂੰ ਸਿਰਜਨ ਦੀ ਨਹੀਂ ਸਗੋਂ ਜ਼ਿਆਦਾ ਤੋਂ ਜਿਆਦਾ ਲੋਕਾਂ ਵਿਚ ਬਰਾਬਰ ਪ੍ਰਵਾਨ ਹੋਣ ਦੀ ਹੈ। ਦੁਵੱਲਤਾ ਦੀ ਇਸ ਦੁਨੀਆਂ ਵਿਚ ਸ਼ੰਕਾਵਾਦੀ ਦਾ ਦਖਲ ਆਪਣੇ ਆਪ ਵਿਵਰਜਿਤ ਹੋ ਜਾਂਦਾ ਹੈ। ਅਜਿਹੇ ਨਾਵਲਾਂ ਵਿਚ ਪਾਠਕ ਹੁਕਮ ਮੰਨਣ ਵਾਲਾ ਸ਼ਿਸ਼ ਬਣਾ ਦਿੱਤਾ ਜਾਂਦਾ ਹੈ ਅਤੇ ਲੇਖਕ ਸਰਬ-ਗਿਆਤਾ ਨਜ਼ਰ ਆਉਂਦਾ ਹੈ। ਰਚਨਾ-ਦ੍ਰਿਸ਼ਟੀ ਦੇ ਇਸ ਸੁਭਾਅ ਕਾਰਣ ਸਾਹਿਤ ਰਚਨਾ ਦੀ ਅਰਥ ਉਤਪਾਦਨ ਪ੍ਰਕਿਰਿਆ ਵੀ ਸੀਮਿਤ ਹੋ ਜਾਂਦੀ ਹੈ। ਇਸੇ ਆਧਾਰ ‘ਤੇ ਡਾ. ਰਾਹੀ ਕਹਿੰਦਾ ਹੈ ਕਿ ਨਾਨਕ ਸਿੰਘ ਦੇ ਨਾਵਲਾਂ ਵਿਚ ਵਿਅੰਗ ਤਾਂ ਹੈ ਪਰ ਵਿਡੰਬਨਾ ਨਹੀਂ। ਵਿਡੰਬਨਾ ਤੋਂ ਮਤਲਬ ਮਨੁੱਖੀ ਸੋਚ ਤੇ ਵਿਹਾਰ ਦੀਆਂ ਸਮਾਜ ਇਤਿਹਾਸਕ ਕਚਿਆਈਆਂ ਨੂੰ ਉਨ੍ਹਾਂ ਦੀ ਦਿੱਖ ਤੋਂ ਥੱਲੇ ਜਾ ਕੇ, ਦੂਹਰੀ ਦ੍ਰਿਸ਼ਟੀ ਨਾਲ, ਵਿਰੋਧਾਭਾਸਾਂ ਦੇ ਰੂਪ ਵਿਚ ਵੇਖ ਕੇ ਉਘਾੜ ਸਕਣ ਦੀ ਬੌਧਿਕ ਯੋਗਤਾ ਤੋਂ ਹੈ। ਪਰ ਨਾਲ ਹੀ ਡਾ. ਰਾਹੀ ਨਾਵਲਕਾਰ ਨਾਨਕ ਸਿੰਘ ਦੀ ਪ੍ਰਤਿਭਾ ਨੂੰ ਇਤਿਹਾਸਕ ਸੰਦਰਭ ਵਿਚ ਵੀ ਦੇਖਦਾ ਹੈ ਅਤੇ ਸਾਹਿਤ ਇਤਿਹਾਸ ਵਿਚ ਉਸ ਦਾ ਸਥਾਨ ਵੀ ਨਿਸਚਿਤ ਕਰਦਾ ਹੈ:

> ਦ੍ਰਿਸ਼ਟਾਂਤਕ ਗਲਪ ਬਿੰਬ ਨਾਨਕ ਸਿੰਘ ਦੀ ਨਾਵਲ ਕਲਾ ਦੀ ਕਮਜ਼ੋਰੀ ਵੀ ਹੈ ਅਤੇ ਪ੍ਰਾਪਤੀ ਵੀ। ਕਮਜ਼ੋਰੀ ਇਸ ਲਈ ਕਿ ਇਹ ਯਥਾਰਥ ਸਿਰਜਨ ਦਾ ਕੇਵਲ ਸਵਾਂਗ ਰਚਦਾ ਹੈ। ਪ੍ਰਾਪਤੀ ਇਸ ਲਈ ਕਿ ਇਹ ਸਵਾਂਗ ਰਚਨਾ ਵੀ ਮਹੱਤਵ ਤੋਂ ਖਾਲ਼ੀ ਨਹੀਂ। ਸਮੁੱਚੇ ਪੰਜਾਬੀ ਕਥਾ-

> ਸਾਹਿਤ ਵਿਚ ਯਥਾਰਥ ਦੀ ਚਿੰਤਾ ਦਾ ਉਦੈ ਨਾਨਕ ਸਿੰਘ ਵਿਚ ਹੀ ਹੁੰਦਾ ਹੈ। ਨਾਨਕ ਸਿੰਘ ਦੀ ਕੇਵਲ ਸਮੱਸਿਆ ਇਹ ਹੈ ਕਿ ਉਹ ਆਪਣੇ ਯਥਾਰਥ ਬੋਧ ਵਿਚ ਆਪਣੇ ਯੁੱਗ-ਵਿਸ਼ੇਸ਼ ਦੀ ਸੁਧਾਰਵਾਦੀ ਸਦਭਾਵਨਾ ਤੋਂ ਉੱਪਰ ਨਹੀਂ ਉੱਠ ਸਕਿਆ ਜਿਸ ਕਰਕੇ ਮਨੁੱਖੀ ਅਕਾਂਖਿਆਵਾਂ ਦੇ ਪਰਿਵਰਤਨਸ਼ੀਲ ਵਤੀਰੇ ਦਾ ਇਤਿਹਾਸਕ ਯਥਾਰਥ ਉਸ ਦੀ ਰੂਪ-ਦ੍ਰਿਸ਼ਟੀ ਦੀ ਪਕੜ ਵਿਚ ਨਹੀਂ ਆਉਂਦਾ।[3]

ਇਸ ਹਿਸਾਬ ਨਾਲ ਦੇਖਿਆਂ ਰਚਨਾ, ਰਚਨਾਕਾਰ ਅਤੇ ਸਮਾਜਕ ਇਤਿਹਾਸਕ ਹਾਲਾਤ ਇਕ ਦਵੰਦਾਤਮਿਕ ਪ੍ਰਕਿਰਿਆ ਵਜੋਂ ਜ਼ਿੰਦਗੀ ਦੀ ਗਤੀਸ਼ੀਲਤਾ ਵਾਂਗ ਸਹਿਜੇ ਹੀ ਉਭਰਦੇ ਨਜ਼ਰ ਆਉਣਗੇ। ਧਿਆਨਯੋਗ ਨੁਕਤਾ ਇਹ ਹੈ ਕਿ ਇਤਿਹਾਸ ਦੀ ਕ੍ਰਾਂਤੀਕਾਰੀ ਸਮਝ ਵੀ ਇਸੇ ਵਿਚ ਨਿਹਿਤ ਹੈ, ਭਾਵੇਂ ਡਾ. ਰਾਹੀ ਆਪਣੀ ਨਾਵਲ ਆਲੋਚਨਾ ਵਿਚ ਇਸ ਸਮਝ ਸਬੰਧੀ ਉਚੇਚੀ ਚਰਚਾ ਕਿਤੇ ਨਹੀਂ ਕਰਦਾ। ਉਚੇਚਾ ਧਿਆਨ ਨਾ ਦੇਣ ਕਰਕੇ ਡਾ. ਰਾਹੀ ਦੀ ਨਾਵਲ ਆਲੋਚਨਾ ਕੁਝ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਸਵਾਲਾਂ ਨੂੰ ਔਖੋਂ ਪਰੋਖੇ ਕਰ ਜਾਣ ਦੇ ਦੋਸ਼ ਦੀ ਭਾਗੀ ਬਣਦੀ ਹੈ।

ਨਾਨਕ ਸਿੰਘ ਦੇ ਆਦਰਸ਼ਵਾਦੀ ਸੁਧਾਰਵਾਦੀ ਨਾਵਲ ਤੋਂ ਬਾਅਦ ਉਭਰਨ ਵਾਲੇ ਪ੍ਰਗਤੀਵਾਦੀ ਨਾਵਲਕਾਰਾਂ ਦੀ ਕੋਟੀ ਵਿਚ ਡਾ. ਰਾਹੀ ਜਸਵੰਤ ਸਿੰਘ ਕੰਵਲ ਨੂੰ ਗਿਣਦਾ ਹੈ। ਪਰ ਕੰਵਲ ਦੇ ਨਾਵਲਾਂ ਦੀ ਪ੍ਰਕਿਰਤੀ ਸਪੱਸ਼ਟ ਕਰਨ ਲਈ ਡਾ. ਰਾਹੀ ਪਹਿਲਾਂ ਪ੍ਰਗਤੀਵਾਦ ਦੇ ਇਤਿਹਾਸਕ-ਸਿਧਾਂਤਕ ਆਧਾਰਾਂ ਨੂੰ ਸਪੱਸ਼ਟ ਕਰਦਾ ਹੈ। ਪ੍ਰਗਤੀਵਾਦੀ ਵਿਚਾਰਧਾਰਾ ਨਾਲ ਜੁੜਿਆ ਹੋਣ ਕਰਕੇ ਬਹੁਤ ਸਾਰੇ ਨਾਵਲ ਆਲੋਚਕਾਂ ਨੇ ਜਸਵੰਤ ਸਿੰਘ ਕੰਵਲ ਨੂੰ ਯਥਾਰਥਵਾਦੀ ਨਾਵਲਕਾਰ ਕਿਹਾ ਹੈ। ਕੰਵਲ ਆਪਣੇ ਆਪ ਨੂੰ ਜੁਦ ਵੀ ਇਸ ਸਿਧਾਂਤਕ ਪੈਂਤੜੇ ਨਾਲ ਜੋੜਦਾ ਰਿਹਾ ਹੈ। ਉਸ ਦੇ ਨਾਵਲਾਂ ਵਿਚ ਯਥਾਰਥਪਰਕਤਾ ਅਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਦਾ ਸੁਭਾਅ ਕੀ ਹੈ? ਇਹੀ ਡਾ. ਰਾਹੀ ਦੇ ਅਧਿਐਨ ਦਾ ਪ੍ਰਮੁੱਖ ਸਰੋਕਾਰ ਹੈ ਅਤੇ ਇਸ ਦਾ ਨਿਬੇੜਾ ਉਹ ਕੰਵਲ ਦੀ ਇਕ ਪ੍ਰਤੀਨਿਧ ਰਚਨਾ **ਹਾਣੀ** ਲੈ ਕੇ ਕਰਦਾ ਹੈ। **ਹਾਣੀ** ਦੇ ਭਰਪੂਰ ਵਿਸ਼ਲੇਸ਼ਣ ਦੇ ਨਾਲ-ਨਾਲ ਡਾ. ਰਾਹੀ ਕੰਵਲ ਦੇ ਹੋਰਨਾਂ ਨਾਵਲਾਂ ਦੇ ਹਵਾਲੇ ਪੇਸ਼ ਕਰਦਾ ਹੈ ਅਤੇ ਹੋਰ ਬਹੁਤ ਸਾਰੇ ਪ੍ਰਗਤੀਵਾਦੀ ਨਾਵਲਾਂ ਦਾ ਜ਼ਿਕਰ ਵੀ ਕਰਦਾ ਹੈ। ਕੰਵਲ ਦੇ ਨਾਵਲ **ਹਾਣੀ** ਬਾਰੇ ਡਾ. ਰਾਹੀ ਦਾ ਮੁੱਖ ਇਤਰਾਜ਼ ਇਹ ਹੈ ਕਿ ਕੰਵਲ 'ਕ੍ਰਿਆਤਮਕ ਪਰਿਪੂਰਣਤਾ' ਦੇ ਪ੍ਰਤਿਮਾਨਕ ਆਦੇਸ਼ ਨਾਲ ਜੁੜਿਆ ਹੋਣ ਕਰਕੇ ਵਸਤੂ-ਯਥਾਰਥ ਦਾ ਸਿਰਜਣ ਨਹੀਂ ਕਰ ਸਕਿਆ। ਨਾਵਲ ਵਿਚਲੇ ਪਾਤਰਾਂ ਨਾਲ ਵਾਪਰਦੀਆਂ ਘਟਨਾਵਾਂ ਸਥਿਤੀਆਂ ਪਰਸਥਿਤੀਆਂ ਦੇ ਵਿਵੇਕ ਨਾਲੋਂ ਵਿਅਕਤਿਤਵ ਦੇ ਸੰਕਟ ਦੀ ਸੂਚਨਾ ਦੇਣ ਦਾ ਪ੍ਰਕਾਰਜ ਨਿਭਾਉਂਦੀਆਂ ਹਨ। ਕੰਵਲ ਦੀ ਇਹ ਗੱਲ ਤਾਂ ਠੀਕ ਹੈ ਕਿ ਸਥਿਤੀ ਦਾ ਸੰਕਟ ਵਿਅਕਤਿਤਵ ਦੀ ਕਮਜ਼ੋਰੀ ਅਤੇ ਤਾਕਤ ਦੋਂ ਬਣ ਸਕਦਾ ਹੈ, ਪਰ ਨਾਲ ਹੀ ਉਸ ਦੀ ਭ੍ਰਾਂਤੀ ਇਹ ਹੈ ਕਿ ਕ੍ਰਿਆਤਮਕ ਪਰਿਪੂਰਣਤਾ ਰਾਹੀਂ ਸਥਾਪਿਤ ਸਿਸਟਮ ਦੇ ਅੰਦਰਵਾਰ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

ਨਰਿੰਦਰਪਾਲ ਸਿੰਘ ਦੇ ਨਾਵਲ **ਟਾਪੂ** ਨੂੰ ਜਦ ਰਚਨਾਕਾਰ ਅਤੇ ਪੰਜਾਬੀ ਦੇ ਕਈ ਆਲੋਚਕਾਂ ਨੇ ਬਿਨ੍ਹਾਂ ਕਿਸੇ ਡੂੰਘੀ ਛਾਣ-ਬੀਨ ਦੇ 'ਅਨਾਵਲ' ਵਿਧਾ ਮੰਨਿਆ। ਡਾ. ਰਾਹੀ ਇਸ ਸਥਾਪਿਤ ਧਾਰਨਾ ਨੂੰ ਐਂਟੀ ਨਾਵਲ ਦੇ ਸਿਧਾਂਤ ਅਤੇ ਨਾਵਲ ਦੀ ਰੂਪ-ਰਚਨਾ ਦੇ ਵਿਸ਼ਲੇਸ਼ਣ ਰਾਹੀਂ ਰੱਦ ਕਰਦਾ ਹੈ। 'ਐਂਟੀ-ਨਾਵਲ' ਦਾ ਇਤਿਹਾਸਕ-ਸਿਧਾਂਤਕ ਆਧਾਰ ਦਰਸਾਉਂਦਿਆਂ ਡਾ. ਰਾਹੀ ਸਪੱਸ਼ਟ ਕਰਦਾ ਕਰਦਾ ਹੈ ਕਿ ਐਂਟੀ-ਨਾਵਲ ਦਾ ਪ੍ਰਸਿੱਧ ਫਰਾਂਸੀਸੀ ਸਿਧਾਂਤਕਾਰ ਐਲੇਨ ਰੋਬੀ ਗ੍ਰਿਲੇ ਆਪਣੇ ਲੇਖ 'Old Values and the New Novel' ਵਿਚ ਕਹਿੰਦਾ ਹੈਃ ਸੰਸਾਰ ਵਿਚ ਕੋਈ ਐਸੀ ਚੀਜ਼ ਵੀ ਹੈ ਜੋ ਮਾਨਵਤਾ ਨਹੀਂ ਤੇ ਜਿਸ ਦਾ ਮਨੁੱਖ ਨਾਲ ਕੋਈ ਰਾਬਤਾ ਜਾਂ ਸਾਂਝ ਨਹੀਃ ਇਸ ਹੋਂਦ ਕਾਰਣ ਉਸਨੂੰ ਮਨੁੱਖ ਤੇ ਵਸਤੂ-ਜਗਤ ਵਿਚਕਾਰ ਜਾਂ ਮਨੁੱਖਾਂ ਦੀਆਂ ਅਕਾਂਖਿਆਵਾਂ ਤੇ ਵਸਤੂ-ਜਗਤ ਅੰਦਰ ਉਨ੍ਹਾਂ ਨੂੰ ਪੂਰਾ ਕਰਨ ਦੀ ਅਸਮਰੱਥਾ ਵਿਚਕਾਰ ਇਕ ਅਪਾਰ ਜਲੀਜ ਵਰਤਮਾਨ ਦਿਸਦੀ ਹੈ ਜਿਸਨੂੰ ਉਹ ਐਲਬਰਟ ਕਾਮੂ ਦੇ ਸ਼ਬਦਾਂ ਵਿਚ 'ਐਬਸਰਡਿਟੀ' ਦਾ ਨਾਮ ਦਿੰਦਾ ਹੈ। ਐਲਬਰਟ ਕਾਮੂ ਦੇ ਮੱਤ ਅਨੁਸਾਰ ਐਬਸਰਡ ਦਾ ਸਬੰਧ ਮਨੁੱਖਾਂ ਜਾਂ ਵਸਤਾਂ ਨਾਲ ਨਹੀਂ ਸਗੋਂ ਦੋਹਾਂ ਵਿਚਕਾਰ 'ਅਜਨਬੀਅਤ' ਤੋਂ ਬਿਨਾਂ ਹੋਰ ਕੋਈ ਰਾਬਤਾ ਸਥਾਪਿਤ ਹੋ ਸਕਨ ਦੀ ਅਸੰਭਵਤਾ ਨਾਲ ਹੈ। ਮਨੁੱਖ ਤੇ ਵਸਤੂ-ਸੰਸਾਰ ਵਿਚਲੇ ਸਬੰਧ ਨੂੰ ਉਹ ਇਕ ਅਜੀਬ ਭਾਂਤ ਦੀ ਕੜਵਾਹਟ ਤੇ ਮੋਹ ਦੇ ਦੁਖਾਂਤ ਵਿਰੋਧਾਭਾਸ ਉੱਤੇ ਆਧਾਰਿਤ ਮੰਨਦਾ ਹੈ ਜਿਸ ਦੀ ਐਬਸਰਡਿਟੀ ਉਸ ਅਨੁਸਾਰ ਨਿਰੰਤਰ ਵਿਸ਼ਾਦ, ਅਵਕ੍ਰਮਣ ਤੇ ਵਿਦਰੋਹ ਦੀ ਦੁਖਾਂਤ ਸਥਿਤੀ ਨੂੰ ਜਨਮ ਦਿੰਦੀ ਰਹਿੰਦੀ ਹੈ। ਇੰਝ ਐਬਸਰਡਿਟੀ ਐਂਟੀ ਨਾਵਲਕਾਰਾਂ ਲਈ ਇਕ ਵਿਸ਼ੇਸ਼ ਪ੍ਰਕਾਰ ਦਾ 'ਦੁਖਾਂਤ ਮਾਨਵਵਾਦ' ਬਣ ਜਾਂਦੀ ਹੈ, ਜਿਸਨੂੰ ਉਹ ਪਾਸਕਲ ਦੇ ਸ਼ਬਦਾਂ ਵਿਚ 'ਮਨੁੱਖੀ ਹੋਂਦ ਦਾ ਸੁਭਾਵਿਕ ਦੁਖਾਂਤ' ਕਹਿੰਦੇ ਹਨ।


**www.sanvad.org**
ISSN : 2395-1273

ਡਾ. ਰਾਹੀ ਦਾ ਨਿਰਣਾ ਹੈ ਕਿ ਇਸ ਦੁਖਾਂਤ ਮਾਨਵਵਾਦ ਦੀ ਧਾਰਨਾ ਕਿਉਂਕਿ ਉਪਜਦੀ ਹੀ ਮਾਨਵਵਾਦੀ ਕਾਰਜ ਵਿਧੀਆਂ ਪ੍ਰਤੀ ਅਵਿਸ਼ਵਾਸ਼ ਵਿਚੋਂ ਹੈ। ਇਸ ਲਈ ਕਿਸੇ ਪ੍ਰਕਾਰ ਦੇ ਮੁੱਲਾਂ ਜਾਂ ਮੁੱਲਾਂ ਦੀ ਸੋਝੀ ਉੱਤੇ ਬਲ ਦੇਣਾ ਐਂਟੀ ਨਾਵਲਕਾਰ ਦੀ ਰਚਨਾਤਮਿਕ ਚਿੰਤਾ ਦਾ ਵਿਸ਼ਾ ਨਹੀਂ ਹੈ। ਦੁਖਾਂਤ ਸਥਿਤੀ ਦਾ ਕਲਾਤਮਕ ਸਿਰਜਣ ਉਨ੍ਹਾਂ ਲਈ ਇਸ ਪੀੜ ਦੇ ਨਿਰਾਕਰਣ ਦੀ ਮੁੱਖ ਵਿਧੀ ਹੈ। ਡਾ. ਰਾਹੀ ਟਾਪੂ ਨਾਵਲ ਦੇ ਮੁੱਖ ਪਾਤਰ ਦੀ ਸਥਿਤੀ ਦਾ ਵਰਣਨ ਕਰਦਾ ਹੋਇਆ ਸਪੱਸ਼ਟ ਕਰ ਦਿੰਦਾ ਹੈ ਕਿ ਇਸ ਨਾਵਲ ਨੂੰ ਐਂਟੀ ਨਾਵਲ ਵਿਧਾ ਨਾਲ ਜੋੜਨਾ ਗਲਤ ਹੈ ਕਿਉਂਕਿ ਮੁੱਖ ਪਾਤਰ ਗੁਰਮੋਹਨ ਦੀ ਸਥਿਤੀ ਦੇ ਸਿਰਜਨ ਵਿਚ ਐਂਟੀ ਨਾਵਲ ਦੇ ਉਪਰੋਕਤ ਦੋਨੋਂ ਬੁਨਿਆਦੀ ਆਧਾਰ ਅਲੋਪ ਦਿਸਦੇ ਹਨ। ਡਾ. ਰਾਹੀ ਦੇ ਉਪਰੋਕਤ ਵਿਸ਼ਲੇਸ਼ਣ ਤੋਂ ਸਿੱਧ ਹੈ ਕਿ ਪੰਜਾਬੀ ਰਚਨਾਕਾਰ ਪੱਛਮ ਤੋਂ ਉਧਾਰ ਲਏ ਚੌਖਟਿਆਂ ਨੂੰ ਆਪਣੀ ਰਚਨਾ ਪ੍ਰਤਿਭਾ ਦਾ ਅੰਗ ਕਿਸ ਰੂਪ ਵਿਚ ਬਣਾਉਂਦੇ ਹਨ। ਪੱਛਮ ਦੀ ਸਚੇਤ ਨਕਲ ਅਤੇ ਆਪਣੀ ਅਚੇਤ ਸਾਂਸਕ੍ਰਿਤਕ ਸੋਚ ਉਨ੍ਹਾਂ ਦੀ ਰਚਨਾ ਵਿਚ ਦਵੈਤ ਪੈਦਾ ਕਰ ਦਿੰਦੀ ਹੈ ਜੋ ਅੱਗੋਂ ਕਈ ਕਿਸਮ ਦੇ ਵਿਚਾਰਗਤ ਭੁਲੇਖਿਆਂ ਦਾ ਕਾਰਣ ਬਣਦੀ ਹੈ। ਅਜਿਹੇ ਰਚਨਾਕਾਰ ਲੂਸੀਆਂ ਗੋਲਡਮਾਨ ਦੇ ਦੁਆਰਾ ਸੁਝਾਏ ਲੇਖਕ ਦੇ ਹੇਠ ਲਿਖਤ ਕਰਤੱਵ ਨੂੰ ਨਹੀਂ ਨਿਭਾ ਸਕਦੇ :

> In a society bound up with the market the artist is a problematic inidvidual and this means a critical individual opposed to soicety.[4]

'ਸੀਤਲ ਦੀ ਵਿਲੱਖਣਤਾ' ਨਾਮੀ ਮਜ਼ਮੂਨ ਵਿਚ ਹਰਿਭਜਨ ਸਿੰਘ ਸੋਹਣ ਸਿੰਘ ਸੀਤਲ ਦੇ ਨਾਵਲ **ਤੂਤਾਂ ਵਾਲਾ ਖੂਹ** ਨੂੰ ਆਧਾਰ ਬਣਾ ਕੇ ਉਸ ਦੀ ਦੀਰਘ ਰਚਨਾਤਮਕ ਦ੍ਰਿਸ਼ਟੀ ਦਾ ਸਬੰਧ ਵਸਤੂ ਯਥਾਰਥ ਉੱਪਰ ਬਲਵਾਨ ਪਕੜ ਨਾਲ ਜੋੜਦਾ ਹੈ। ਹਰਿਭਜਨ ਸਿੰਘ ਦੇ ਵਿਚਾਰਾਂ ਨਾਲ ਸੰਵਾਦ ਰਚਾਉਂਦਿਆਂ ਡਾ. ਰਾਹੀ ਸਪੱਸ਼ਟ ਕਰਦਾ ਹੈ ਕਿ ਸੀਤਲ ਨੂੰ ਸੰਸਕ੍ਰਿਤੀ ਦੇ ਸ਼੍ਰੈਣਿਕ ਰੂਪਾਂ ਤੇ ਉਨ੍ਹਾਂ ਦੇ ਪਦਾਰਥਕ ਆਧਾਰ ਦਾ ਅਨੁਭਵ ਤਾਂ ਨਿਰਸੰਦੇਹ, ਪ੍ਰਾਪਤ ਹੈ ਪਰ ਉਨ੍ਹਾਂ ਦੇ ਇਤਿਹਾਸਕ ਸੰਦਰਭ ਦੀ ਸੋਝੀ ਪ੍ਰਾਪਤ ਨਹੀ। ਇਸ ਮੂਲ ਨੁਕਤੇ ਦੇ ਆਧਾਰ 'ਤੇ ਹੀ ਡਾ. ਰਾਹੀ ਸੀਤਲ ਅਤੇ ਗੁਰਦਿਆਲ ਸਿੰਘ ਦੀ ਰਚਨਾ-ਦ੍ਰਿਸ਼ਟੀ ਵਿਚ ਨਿਖੇੜ ਪੈਦਾ ਕਰਦਾ ਹੈ :

> **ਜੁਗ ਬਦਲ ਗਿਆ** ਗੁਰਦਿਆਲ ਸਿੰਘ ਦੇ **ਮੜ੍ਹੀ ਦਾ ਦੀਵਾ** ਵਰਗੀ ਤ੍ਰਾਸਦ ਰਚਨਾ ਤਾਂ ਨਹੀਂ ਹੈ ਕਿਉਂਕਿ ਨਾਵਲ ਦੇ ਅੰਤ ਵਿਚ ਪਾਤਰਾਂ ਵਿਚਲੇ ਸੰਘਰਸ਼ ਦਾ ਨਿਬੇੜਾ ਕਿਸੇ ਵਸਤੂ-ਨਿਸ਼ਠ ਦੁਖਾਂਤ ਅਨਿਵਾਰਿਤਾ ਦੀ ਥਾਂ ਕਾਵਿਕ ਨਿਆਂ ਦੇ ਨਿਯਮ ਉੱਤੇ ਆਧਾਰਿਤ ਸੁਖਾਂਤ ਰੂਪ ਵਾਲਾ ਹੈ। ਪਰੰਤੂ ਨਿਬੇੜੇ ਦੀ ਲਪੇਟ ਵਿਚ ਆਉਂਣ ਤੋਂ ਪਹਿਲਾਂ ਸੰਘਰਸ਼ ਨਾਲ ਸਬੰਧਿਤ ਵਸਤੂ-ਵੇਰਵੇ ਨਿਰਸੰਦੇਹ ਦੁਖਾਂਤ ਅਸਲੇ ਵਾਲੇ ਹਨ। ਕਾਵਿਕ ਨਿਆਂ ਦੀ ਖੋਟ ਇਨ੍ਹਾਂ ਵਿਚਲੇ ਤ੍ਰਾਸਦ ਸੱਚ ਨੂੰ ਦੂਸ਼ਿਤ ਤਾਂ ਕਰਦੀ ਹੈ ਪਰ ਨਸ਼ਟ ਨਹੀਂ ਕਰਦੀ। **ਮੜ੍ਹੀ ਦਾ ਦੀਵਾ** ਦੀ ਰੂਪ ਰਚਨਾ ਵਾਂਗ ਇਨ੍ਹਾਂ ਵੇਰਵਿਆਂ ਦੇ ਪੈਂਤੜੇ ਵਿਚੋਂ ਉਭਰਦਾ ਤ੍ਰਾਸਦ ਸੱਚ ਕੇਵਲ ਨਾਨਕ ਸਿੰਘ ਵਾਲੇ ਦੁਰਜਨਤਾ ਜਾਂ ਕੰਵਲ ਵਾਲੇ ਆਰਥਿਕ ਅਸੰਤੁਲਨ ਦੇ ਉਸਾਰਾਂ ਤਕ ਸੀਮਿਤ ਨਹੀਂ ਹੈ ਸਗੋਂ ਸਾਂਸਕ੍ਰਿਤਕ ਪਾਸਾਰ ਵਾਲਾ ਹੈ।[5]

ਡਾ. ਰਾਹੀ ਨਾਨਕ ਸਿੰਘ ਤੇ ਸੋਹਣ ਸਿੰਘ ਸੀਤਲ ਤੋਂ ਬਾਅਦ ਗੁਰਦਿਆਲ ਸਿੰਘ ਨੂੰ ਪੰਜਾਬੀ ਜ਼ਬਾਨ ਦਾ ਪ੍ਰਮੁੱਖ ਨਾਵਲਕਾਰ ਗਿਣਦਾ ਹੈ। ਉਸ ਦੀ ਨਾਵਲਕਾਰੀ ਦੀ ਅਹਿਮੀਅਤ ਵਿਲੱਖਣ ਰਚਨਾ-ਦ੍ਰਿਸ਼ਟੀ ਨਾਲ ਜੋੜਦਾ ਹੋਇਆ ਇਸ ਵਿਲੱਖਣਤਾ ਦੀਆਂ ਜੜ੍ਹਾ ਨਿੱਗਰ ਕਾਵਿ-ਸ਼ਾਸਤਰੀ ਤਰਕ ਵਿਚ ਹੋਣੀਆਂ ਜ਼ਰੂਰੀ ਸਮਝਦਾ ਹੈ :

> ਸ਼ਿਲਪ ਗੁਰਦਿਆਲ ਸਿੰਘ ਲਈ ਕੇਵਲ ਕਹਾਣੀ ਵਿਚ ਰੌਚਕਤਾ ਪੈਦਾ ਕਰਨ ਦੀ ਵਿਧੀ ਨਹੀਂ, ਭਾਵੇਂ ਕਹਾਣੀ ਦੀ ਰੌਚਕਤਾ ਇਸ ਵਿਚੋਂ ਖ਼ਾਰਜ ਵੀ ਨਹੀਂ। ਨਾਨਕ ਸਿੰਘ ਦੇ ਨਾਵਲਾਂ ਵਿਚ ਰੌਚਕਤਾ ਦਾ ਮੁੱਖ ਆਧਾਰ ਘਟਨਾਤਮਕ ਰਹੱਸ ਹੈ। ਗੁਰਦਿਆਲ ਸਿੰਘ ਦੀ ਗਲਪ ਵਿਚ ਘਟਨਾਤਮਕ ਰੌਚਕਤਾ ਨੂੰ ਪਹਿਲ ਵਾਲੀ ਥਾਂ ਹਾਸਿਲ ਨਹੀਂ। ਰੌਚਕਤਾ ਰਹੱਸ ਦੇ ਸਿਰਜਨ ਤੇ ਖੁੱਲ੍ਹਣ ਦੀ ਪ੍ਰਕਿਰਿਆ ਵਿਚੋਂ ਉਪਜਦੀ ਹੈ। ਇਸ ਨੂੰ ਹੀ ਲੁਕਾਵੇ ਅਤੇ ਪ੍ਰਗਟਾਵੇ ਦਾ ਤਨਾਉ ਆਖਿਆ ਗਿਆ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਇਸ ਤਨਾਉ ਦਾ ਸਬੰਧ ਘਟਨਾਤਮਕ ਓਹਲਿਆਂ ਨਾਲ ਨਹੀਂ, ਪਾਤਰਾਂ ਦੇ ਸੁਪਨਿਆਂ ਦੀ ਭ੍ਰਾਂਤੀਮੂਲਕ ਸਥਿਤੀ ਦੇ ਉਤਰਾਵਾਂ ਚੜ੍ਹਾਵਾਂ ਨਾਲ ਹੈ।[6]

ਇਸ ਦੇ ਨਾਲ ਹੀ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਅਹਿਮੀਅਤ ਜ਼ਿੰਦਗੀ ਦੇ ਯਥਾਰਥ ਨੂੰ ਦਾਰਸ਼ਨਿਕ

ਲਹਿਜ਼ੇ ਤੋਂ ਕੁਰੇਦਣ ਵਿਚ ਧਰੀ ਗਈ ਹੈ, ਜਿੱਥੇ ਜੀਣ ਅਤੇ ਥੀਣ ਦਾ ਮਸਲਾ ਪ੍ਰਮੁੱਖ ਬਣ ਜਾਂਦਾ ਹੈ। ਗੁਰਦਿਆਲ ਸਿੰਘ ਦੇ ਮੁੱਖ ਪਾਤਰਾਂ ਦੇ ਦੁਖਾਂਤ ਦਾ ਮੂਲ ਕਾਰਨ ਹਾਲਾਤ ਦੀ ਕਰੂਰਤਾ ਬਣ ਜਾਂਦੀ ਹੈ। ਜ਼ਿੰਦਗੀ ਦੀ ਇਸ ਪ੍ਰਕਿਰਿਆ ਨੂੰ ਗੁਰਦਿਆਲ ਸਿੰਘ ਵਿਡੰਬਨਾ ਦੀ ਵਿਧੀ ਰਾਹੀਂ ਸਮੂਰਤ ਕਰਦਾ ਹੈ, ਜਿਸ ਵਿਚ ਅੰਤਰਪਾਠ ਅਤੇ ਪਾਤਰ ਪੌੜੀ ਦੀਆਂ ਜੁਗਤਾਂ ਪ੍ਰਮੁੱਖ ਹਨ।

ਸੰਤ ਸਿੰਘ ਸੇਖੋਂ ਦੇ ਨਾਵਲ **ਲਹੂ ਮਿੱਟੀ** ਦੀ ਪ੍ਰਕਿਰਤੀ ਨੂੰ ਨਿਖੇੜਦਿਆਂ ਡਾ. ਰਾਹੀ ਸਪੱਸ਼ਟ ਕਰਦਾ ਹੈ ਕਿ ਇਸ ਨਾਵਲ ਦੇ ਪਾਤਰ ਅਤੇ ਘਟਨਾਵਾਂ ਵਾਸਤਵਿਕਤਾ ਦੇ ਪ੍ਰਮਾਣਿਕ ਅਨੁਭਵ ਉੱਤੇ ਆਧਾਰਿਤ ਹੋਣ ਕਾਰਣ ਪ੍ਰਤਿਰੂਪਕ ਸੁਭਾਅ ਵਾਲੇ ਹਨ। ਪੰਜਾਬੀ ਨਾਵਲ ਵਿਚ ਇਸ ਨਾਵਲ ਦੀ ਜੋ ਵੀ ਵਿਲੱਖਣਤਾ ਹੈ ਉਹ ਇਸ ਦੇ ਰਚਨਾ-ਸੰਸਾਰ ਦੀ ਸਮਾਜਕ ਸਥਿਤੀ ਦੇ ਅੰਤਰ-ਵਿਰੋਧਾਂ ਨੂੰ ਪਰਿਭਾਸ਼ਿਤ ਕਰਨ ਵਾਲੀ ਇਕ ਨਵੇਕਲੀ ਭਾਂਤ ਦੀ ਪ੍ਰਤਿਰੂਪਕ ਪ੍ਰਕਿਰਤੀ ਕਰਕੇ ਹੈ। ਪੰਜਾਬੀ ਨਾਵਲ ਵਿਚ, ਡਾ. ਰਾਹੀ ਅਨੁਸਾਰ ਬੌਧਿਕ ਨਿਖੇੜੇ ਉੱਤੇ ਆਧਾਰਿਤ, **ਲਹੂ ਮਿੱਟੀ** ਵਰਗਾ ਜੀਵਨ ਦਾ ਯਥਾਰਥ ਕੁਝ ਘੱਟ ਪ੍ਰਾਪਤ ਹੋਣ ਵਾਲੀ ਵਸਤ ਹੈ। **ਲਹੂ ਮਿੱਟੀ** ਦੀ ਸਮੱਸਿਆ ਯਥਾਰਥ ਦੇ ਅਨੁਭਵ ਦੀ ਨਹੀਂ ਸਗੋਂ ਕਲਾਤਮਕ ਅਨੁਭਵ ਦੀ ਹੈ ਕਿਉਂਕਿ ਨਾਵਲ ਵਿਚ ਬਹੁਤੀਆਂ ਘਟਨਾਵਾਂ ਇਕ ਅਸਿੱਧੀ ਵਾਰਤਾ ਦੀ ਸ਼ਕਲ ਵਿਚ ਪੇਸ਼ ਹੋਈਆਂ ਹਨ ਜਿਸ ਵਿਚ ਨਾਵਲਕਾਰ ਪਾਤਰਾਂ ਨਾਲ ਵਾਪਰਦੀਆਂ ਗੱਲਾਂ ਬਾਰੇ ਨਾ ਕੇਵਲ ਦੱਸਦਾ ਹੀ ਹੈ ਸਗੋਂ ਸਮਝਾਉਂਦਾ ਵੀ ਹੈ। ਲਹੂ ਮਿੱਟੀ ਵਿਚ ਗਲਪ-ਬਿੰਬ ਦੀ ਇਕਾਗਰਤਾ ਨੂੰ ਭੰਗ ਕਰਨ ਵਾਲੇ ਅਜਨਬੀ ਤੱਤਾਂ ਲਈ ਵਿਆਖਿਆ ਦੀ ਇਹ ਰੁਚੀ ਹੀ ਜ਼ਿੰਮੇਵਾਰ ਹੈ। ਇਸ ਦੇ ਉਲਟ ਗੁਰਚਰਨ ਸਿੰਘ ਦਾ ਇਕ ਅਣਗੌਲਿਆਂ ਨਾਵਲ **ਵਗਦੀ ਸੀ ਰਾਵੀ** ਡਾ. ਰਾਹੀ ਅਨੁਸਾਰ ਰੂਪ ਦ੍ਰਿਸ਼ਟੀ ਦੇ ਪ੍ਰਸੰਗ ਵਿਚ ਜਿੱਥੇ ਇਕ ਪਾਸੇ ਨਾਨਕ ਸਿੰਘ, ਨਰੂਲਾ ਅਤੇ ਸੇਖੋਂ ਦੇ ਨਾਵਲੀ ਜਗਤ ਦੀਆਂ ਕਲਾਤਮਕ ਸਮੱਸਿਆਵਾਂ ਨੂੰ ਸਮਝਣ ਵਿਚ ਸਹਾਇਤਾ ਦਿੰਦਾ ਹੈ ਉੱਥੇ ਦੂਜੇ ਪਾਸੇ ਇਕ ਸ਼ੁੱਧ ਕਲਾ ਰੂਪ ਦੇ ਚਰਿੱਤਰ ਦਾ ਵੀ ਅਨੁਭਵ ਉਪਲੱਬਧ ਕਰਾਉਂਦਾ ਹੈ। ਡਾ. ਰਾਹੀ ਅਨੁਸਾਰ :

> ਵਗਦੀ ਸੀ ਰਾਵੀ ਦੀ ਰੂਪ-ਦ੍ਰਿਸ਼ਟੀ ਪਿਉ-ਪੁੱਤਰ ਵਾਲੇ ਤਾਰਕਿਕ ਸਬੰਧ ਵਿਚ ਸੱਖਣੇ ਪ੍ਰਾਕਿਤਿਕਵਾਦੀ ਵੇਰਵੇ ਦੀਆਂ ਤਰੁੱਟੀਆਂ ਤੋਂ ਵਿਮੁਕਤ ਹੈ ਅਤੇ ਲਹੂ ਮਿੱਟੀ ਵਾਲੀ ਬਾਹਰੀ ਤਾਰਕਿਕਤਾ ਵਾਲੀ ਕਲਾ-ਵਿਹੂਣੀ ਵਿਧੀ ਤੋਂ ਵੀ। ਇਹ ਨਾਵਲ ਵਿਅਕਤੀ ਦੇ ਮਨੋਸਮਾਜਕ ਵਤੀਰੇ ਅਤੇ ਪਾਤਰਾਂ ਦੀ ਉੱਚਾਰਣੀ ਭਾਸ਼ਾ ਦੇ ਵਿਰੋਧਾਭਾਸਾਂ ਵਿਚੋਂ ਉਨ੍ਹਾਂ ਦੀ ਸਥਿਤੀ ਦੇ ਸੱਚ ਤੇ ਅਰਥਾਂ ਨੂੰ ਸਿਰਜਦਾ ਹੈ।[7]

ਡਾ. ਰਾਹੀ ਅਨੁਸਾਰ ਇਸ ਨਾਵਲ ਦਾ ਪ੍ਰਮੁੱਖ ਰਚਨਾਤਮਕ ਨਿਯਮ ਭਾਵੇਂ ਨਿਸੰਗਤਾ ਹੈ ਪਰ ਮੱਧਵਰਗੀ ਭਾਵ ਸੰਸਕਾਰਾਂ ਅਧੀਨ ਨਿਸੰਗਤਾ ਦੀ ਸੁਰ ਨੂੰ ਅਸ਼ਲੀਲਤਾ ਨਾਲ ਜੋੜਨਾ ਉਚਿਤ ਨਹੀਂ ਹੋਵੇਗਾ ਕਿਉਂਕਿ ਅਸ਼ਲੀਲ ਵਿਧੀ ਜਾਂ ਵਸਤੂ ਦਾ ਸਬੰਧ ਨਿਲੱਜਤਾ ਤੇ ਨੰਗੇ ਵਾਦੀ ਪ੍ਰਗਟਾਵੇ ਨਾਲ ਹੁੰਦਾ ਹੈ, ਜਦਕਿ ਵਗਦੀ ਸੀ ਰਾਵੀ ਦੇ ਪ੍ਰਗਟਾਵੇ ਵਿਚ ਨੰਗੇ ਨਹੀਂ, ਨਿਸੰਗਤਾ ਜ਼ਰੂਰ ਹੈ। ਡਾ. ਰਾਹੀ ਸਪੱਸ਼ਟ ਨਿਖੇੜਾ ਕਰ ਕੇ ਇਸ ਸੱਚ ਨੂੰ ਨਿਤਾਰ ਦਿੰਦਾ ਹੈ ਕਿ ਇਕ ਕਲਾ-ਰੂਪ ਦੀ ਪੱਧਰ ਉੱਤੇ ਆਦਰਸ਼ ਅਭਿੱਜ ਸਧਾਰਣ ਮਨੁੱਖ ਦੀਆਂ ਇਹਲੌਕਿਕ ਆਕਾਂਖਿਆਵਾਂ ਦੇ ਵਿਵੇਕ ਤੇ ਦੁਖਾਂਤ ਦਾ ਸਿਰਜਣ ਨਿਸੰਗਤਾ ਦੇ ਸਾਹਸ ਬਿਨ੍ਹਾਂ ਸੰਭਵ ਨਹੀਂ ਸੀ।

ਯਥਾਰਥਵਾਦੀ ਨਾਵਲ ਦੀ ਪਰੰਪਰਾ ਵਿਚ ਡਾ. ਰਾਹੀ ਗੁਰਦਿਆਲ ਸਿੰਘ ਤੋਂ ਬਾਅਦ ਕਰਮਜੀਤ ਸਿੰਘ ਕੁੱਸਾ ਨੂੰ ਗਿਣਦਾ ਹੈ। ਡਾ. ਰਾਹੀ ਸਪੱਸ਼ਟ ਕਰਦਾ ਹੈ ਕਿ ਸਾਡੇ ਗਲਪਕਾਰਾਂ ਦੀ ਆਲੋਚਨਾਤਮਕ ਯਥਾਰਥਵਾਦੀ ਦ੍ਰਿਸ਼ਟੀ ਅਸਲ ਵਿਚ ਸਾਡੇ ਜਨ-ਸਮੂਹ ਦੇ ਵੱਖ-ਵੱਖ ਵਰਗਾਂ ਵਿਚ ਆਪਣੇ ਹਾਲਾਤ ਬਾਰੇ ਉਪਜ ਰਹੀ ਸਮਝ ਦਾ ਰਚਨਾਤਮਿਕ ਪ੍ਰਗਟਾਵਾ ਹੈ। ਪਰ ਅਗਲੀ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਆਲੋਚਨਾਤਮਕ ਸਮਝ ਸਿਰਫ਼ ਆਪਣੇ ਵਰਗ ਦੇ ਹਾਲਾਤ ਤਕ ਸੀਮਿਤ ਨਹੀਂ ਸਗੋਂ ਵੱਡੇ ਵਿਸ਼ਵ-ਵਿਆਪੀ ਸਿਸਟਮ ਦੀ ਘੋਖ ਨਾਲ ਵੀ ਜੁੜੀ ਹੋਈ ਹੈ ਅਤੇ ਇਹੋ ਘੋਖ ਅੱਗੇ ਚੱਲ ਕੇ ਕ੍ਰਾਂਤੀਕਾਰੀ ਪਹੁੰਚ ਦਾ ਮੂਲ ਬਣ ਜਾਂਦੀ ਹੈ।

ਡਾ. ਰਾਹੀ ਕੁੱਸਾ ਦੇ ਪਾਤਰਾਂ ਦੁਆਰਾ ਸੰਘਰਸ਼ ਦਾ ਝੰਡਾ ਨਾ ਚੁੱਕਣ ਦਾ ਕਾਰਣ ਦੱਸਦਾ ਹੋਇਆ ਕਹਿੰਦਾ ਹੈ ਕਿ ਜੋ ਸੰਭਾਵਨਾ ਜ਼ਿੰਦਗੀ ਵਿਚ ਨਹੀਂ, ਉਸ ਨੂੰ ਨਾਵਲ ਵਿਚ ਕਿਵੇਂ ਪੇਸ਼ ਕੀਤਾ ਜਾ ਸਕਦਾ ਹੈ? ਪਰ ਮਾਰਕਸਵਾਦੀ ਦ੍ਰਿਸ਼ਟੀਕੋਣ ਅਨੁਸਾਰ ਇਸ ਤੱਥ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਜੋ ਸ਼ਕਤੀਆਂ ਵਰਤਮਾਨ ਹਾਲਾਤ ਵਿਚ ਇਤਿਹਾਸਕ ਤੌਰ ਉੱਤੇ ਭਾਰੂ ਹਨ, ਉਨ੍ਹਾਂ ਦੇ ਪਰਿਪੇਖ ਵਿਚ ਹੀ ਅਪਵਾਦ ਦੀ ਵਿਆਖਿਆ ਸੰਭਵ ਹੈ। ਅਨਤੋਨੀਉ ਗ੍ਰਾਮਸ਼ੀ ਦਾ ਹਵਾਲਾ ਦਿੰਦਿਆ ਡਾ. ਤੇਜਵੰਤ ਸਿੰਘ ਗਿੱਲ ਲਿਖਦਾ ਹੈ :

> ਜੋ ਹੋਣਾ ਚਾਹੀਦਾ ਹੈ ਉਹੋ ਹੀ ਤਾਂ ਦਰਅਸਲ ਵਾਸਤਵਿਕ ਹੈ, ਵਾਸਤਵਿਕਤਾ ਦੀ ਵਾਸਤਵਿਕ


www.sanvad.org
ISSN : 2395-1273

ਤੇ ਇਤਿਹਾਸਕ ਵਿਆਖਿਆ ਤਾਂ ਦਰਅਸਲ ਇਹੋ ਹੈ, ਕੇਵਲ ਇਹੋ ਤਾਂ ਸਿਰਜਿਆ ਜਾ ਰਿਹਾ ਇਤਿਹਾਸ ਤੇ ਬੋਧ ਹੈ, ਕੇਵਲ ਇਹੋ ਤਾਂ ਸਿਆਸਤ ਹੈ।[8]

ਇਸ ਪੁਸਤਕ ਵਿਚ ਡਾ. ਰਾਹੀ ਨੇ ਗੁਰਦਿਆਲ ਸਿੰਘ ਤੋਂ ਬਾਅਦ ਪੰਜਾਬੀ ਨਾਵਲ ਨੂੰ ਵਿਕਸਤ ਕਰਨ ਵਿਚ ਮਿੱਤਰ ਸੈਨ ਮੀਤ ਅਤੇ ਇੰਦਰ ਸਿੰਘ ਖਾਮੋਸ਼ ਦਾ ਉਲੇਖ ਕੀਤਾ ਹੈ। ਕਾਰੋ ਮਸੀਹਾ ਦਾ ਅਧਿਐਨ ਕਰਦਿਆਂ ਉਸ ਨੇ ਲਿਖਿਆ ਹੈ :

ਬੰਦਾ ਜਦੋਂ ਬੰਦਾ ਬਣਦਾ ਹੈ ਤਾਂ ਆਪਣੀ ਸਲੀਬ ਆਪਣੇ ਮੋਢਿਆਂ ’ਤੇ ਚੁੱਕ ਲੈਂਦਾ ਹੈ। ਈਸਾ ਮਸੀਹ ਨੇ ਆਪਣੀ ਸਲੀਬ ਆਪਣੇ ਮੋਢਿਆਂ ਤੇ ਆਪ ਚੁੱਕੀ। ਇਹ ਉਸ ਦੀ ਵਿਵਸਥਾ ਨਾਲ ਅਸੰਮਤੀ ਦੀ ਅਨਿਵਾਰਿਤਾ ਸੀ। ਤਾਲਸਤਾਏ ਨੇ ਵੀ ਵਿਵਸਥਾ ਨਾਲ ਅਸੰਮਤੀ ਦੀ ਚੋਣ ਕਰਕੇ ਆਪਣੀ ਸਲੀਬ ਆਪ ਮੋਢਿਆ ’ਤੇ ਚੁੱਕੀ। ਸਲੀਬ ਨਾਲ ਇਸ ਸਾਂਝ ਨੇ ਉਸ ਨੂੰ ਮਸੀਹਾ ਬਣਾ ਦਿੱਤਾ ਇਕੋ ਹੀ ਸਮੇਂ ਕੌਰ ਵੀ ਤੇ ਮਸੀਹਾ ਵੀ। ਇਹ ਵਿਰੋਧਾਭਾਸ ਹੀ ਉਸ ਦਾ ਗੌਰਵ ਹੈ ਤੇ ਇਹ ਗੌਰਵ ਹੀਂ ਲਸੋਾ ਹੈ ‘ਥੀਣ’ ਦਾ। ਗੁਰਦਿਆਲ ਸਿੰਘ ਦੇ ਪਾਤਰਾਂ ਦੀ ਹੋਣੀ ਵਿਚ ਇਹ olsow ਉਘੜਦਾ ਹੈ ਉਨ੍ਹਾਂ ਦੇ ਸੁਭਾਅ ਦੀ ਅਨਿਵਾਰਿਤਾ ਵਿਚੋਂ। ਕੌਰ ਮਸੀਹਾ ਵਿਚ ਇਸ ਦੀਆ ਜੜ੍ਹਾਂ ਹਨ ਅਵਲੰਬੀ ਦੀ ਚੋਣ ਦੇ ਨਿਸਚੇ ਵਿਚ। ਖਿਆਲ ਸਾਂਝਾ ਹੈ ਪਰ ਵਿਧਾ ਵਿਭਿੰਨ ਹੈ। ਕੌਰ ਮਸੀਹਾ ਧਰਮ ਦੀ ਪੁਨਰ-ਪਰਿਭਾਸ਼ਾ ਹੈ। ਦੁਨੀਆਂ ਦੇ ਤਮਾਮ ਮਹਾਂਪੁਰਸ਼ ਥੀਣ ਦੇ ਫਲਸਫ਼ੇ ਨੂੰ ਇੰਜ ਪੁਨਰ ਪਰਿਭਾਸ਼ਾ ਦੁਆਰਾ ਹੀ ਸਮਝਾਉਂਦੇ ਆਏ ਹਨ।[9]

ਪਰ ਮਸਲਾ ਇਹ ਵੀ ਹੈ ਕਿ ਅਵਲੰਬੀ ਦੀ ਚੋਣ ਦਾ ਨਿਸਚਾ ਜਦੋਂ ਤਕ ਲੋੜਵੰਦ ਸਮੂਹ ਦੇ ਸੰਘਰਸ਼ ਅੰਦਰ ਜਜ਼ਬ ਨਹੀਂ ਹੁੰਦਾ, ਸਾਰਥਕ ਨਤੀਜੇ ਪ੍ਰਾਪਤ ਹੋਣੇ ਅਸੰਭਵ ਹਨ। ਹਾਲਾਤ ਦੀ ਜਟਿਲਤਾ ਨੂੰ ਸਮਝਣ ਦੇ ਨਾਲ-ਨਾਲ ਉਸ ਦੀ ਕਰੂਰਤਾ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਪੰਜਾਬੀ ਦੇ ਉਪਰੋਕਤ ਗੰਭੀਰ ਨਾਵਲਕਾਰ ਚੇਤਨਾਗਤ ਸੰਕਟ ਦੇ ਨਾਲ-ਨਾਲ ਸੰਘਰਸ਼ ਦੇ ਗੌਰਵ ਨੂੰ ਵੀ ਚਿਤਰਦੇ ਹਨ ਪਰ ਹਾਲਾਤ ਦੀ ਕਰੜਾਈ ਦੇ ਜਟਿਲ ਸੰਦਰਭ ਵਿਚ।

ਡਾ. ਰਾਹੀ ਕਿਸੇ ਵੀ ਨਾਵਲਕਾਰ ਦੀ ਰਚਨਾ ਦ੍ਰਿਸ਼ਟੀ ਦੀਆਂ ਸੀਮਾਵਾਂ ਉਜਾਗਰ ਕਰਨ ਦੇ ਬਾਵਜੂਦ ਇਨ੍ਹਾਂ ਸੀਮਾਵਾਂ ਨੂੰ ਨਿਰੋਲ ਵਿਅਕਤੀਗਤ ਊਣਤਾਈਆਂ ਸਮਝਣ ਦੀ ਬਜਾਇ ਬੋਧ-ਨਿਰਮਾਣਕਾਰੀ ਇਤਿਹਾਸਕ ਸ਼ਕਤੀਆਂ ਦੀ ਜਟਿਲਤਾ ਨਾਲ ਜੋੜਦਾ ਹੈ। ਰਚਨਾ ਵਸਤੂ ਤੇ ਰਚਨਾ ਜੁਗਤਾਂ ਨੂੰ ਸੰਯੁਕਤ ਰੂਪ ਵਿਚ ਗ੍ਰਹਿਣ ਕਰਦੇ ਹੋਏ ਉਹ ਇਨ੍ਹਾਂ ਦੇ ਅਧਿਐਨ-ਵਿਸ਼ਲੇਸ਼ਣ ਰਾਹੀਂ ਰਚਨਾ-ਦ੍ਰਿਸ਼ਟੀ ਤਕ ਪਹੁੰਚ ਕਰਦਾ ਹੈ। ਰਚਨਾ-ਦ੍ਰਿਸ਼ਟੀ ਨੂੰ ਵੀ ਉਹ ਕਿਸੇ ਰਚਨਾਕਾਰ ਦੇ ਕੇਵਲ ਵਿਅਕਤੀਗਤ ਗੁਣ ਜਾਂ ਦੋਸ਼ ਤਕ ਸੀਮਤ ਕਰਨ ਦੀ ਬਜਾਇ ਉਨ੍ਹਾਂ ਇਤਿਹਾਸਕ ਹਾਲਾਤਾਂ ਤਕ ਪਹੁੰਚ ਕਰਨ ਦੀ ਸਲਾਹ ਦਿੰਦਾ ਹੈ ਜਿੰਨ੍ਹਾਂ ਹਾਲਾਤਾਂ ਦੇ ਚਲਦਿਆਂ ਰਚਨਾਕਾਰ ਦੀ ਦ੍ਰਿਸ਼ਟੀ ਵਿਕਸਤ ਹੋਈ। ਇਸ ਤੋਂ ਵੀ ਅੱਗੇ ਰਚਨਾਕਾਰ ਦੀ ਰਚਨਾ ਦ੍ਰਿਸ਼ਟੀ ਨੂੰ ਇਤਿਹਾਸਕ ਹਾਲਤਾਂ ਦੀ ਉਪਜ ਮੰਨਣ ਦੇ ਬਾਵਜੂਦ ਵਿਅਕਤੀਗਤ ਰਚਨਾ-ਪ੍ਰਤਿਭਾ ਨੂੰ ਵੀ ਅਣਗੌਲਿਆ ਨਹੀਂ ਕਰਦਾ ਬਲਕਿ ਨਾਵਲਕਾਰ ਦੀ ਪ੍ਰਤਿਭਾ ਨੂੰ ਇਤਿਹਾਸਕ ਸੰਦਰਭ ਵਿਚ ਵੀ ਦੇਖਦਾ ਹੈ ਅਤੇ ਸਾਹਿਤ ਇਤਿਹਾਸ ਵਿਚ ਉਸ ਦਾ ਸਥਾਨ ਵੀ ਨਿਸਚਿਤ ਕਰਦਾ ਹੈ। ਇਸ ਹਿਸਾਬ ਨਾਲ ਦੇਖਿਆਂ ਰਚਨਾ, ਰਚਨਾਕਾਰ ਅਤੇ ਸਮਾਜਕ ਇਤਿਹਾਸਕ ਹਾਲਾਤ ਇਕ ਦਵੰਦਾਤਮਿਕ ਪ੍ਰਕਿਰਿਆ ਵਜੋਂ ਜ਼ਿੰਦਗੀ ਦੀ ਗਤੀਸ਼ੀਲਤਾ ਵਾਂਗ ਸਹਿਜੇ ਹੀ ਉਭਰਦੇ ਨਜ਼ਰ ਆਉਣਗੇ। ਧਿਆਨਯੋਗ ਨੁਕਤਾ ਇਹ ਹੈ ਕਿ ਇਤਿਹਾਸ ਦੀ ਕ੍ਰਾਂਤੀਕਾਰੀ ਸਮਝ ਵੀ ਇਸੇ ਵਿਚ ਨਿਹਿਤ ਹੈ, ਭਾਵੇਂ ਡਾ. ਰਾਹੀ ਆਪਣੀ ਨਾਵਲ ਆਲੋਚਨਾ ਵਿਚ ਇਸ ਸਮਝ ਸਬੰਧੀ ਉਚੇਚੀ ਚਰਚਾ ਕਿਤੇ ਨਹੀਂ ਕਰਦਾ। ਉਚੇਚਾ ਧਿਆਨ ਨਾ ਦੇਣ ਕਰਕੇ ਡਾ. ਰਾਹੀ ਦੀ ਨਾਵਲ ਆਲੋਚਨਾ ਕੁਝ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਸਵਾਲਾਂ ਨੂੰ ਔਖੋਂ ਪਰੋਖੇ ਕਰ ਜਾਣ ਦੇ ਦੋਸ਼ ਦੀ ਭਾਗੀ ਬਣਦੀ ਹੈ।

ਆਧੁਨਿਕਤਾਵਾਦੀ ਪੰਜਾਬੀ ਨਾਵਲਕਾਰਾਂ ਬਾਰੇ ਜਿੱਥੇ ਸਾਡੇ ਮਾਰਕਸਵਾਦੀ ਗਲਪ ਸਮੀਖਿਆਕਾਰਾਂ ਦਾ ਨਜ਼ਰੀਆ ਖੰਡਨਮਈ ਹੈ, ਉਥੇ ਡਾ. ਰਾਹੀ ਆਧੁਨਿਕਵਾਦੀ ਨਾਵਲ ਦੀਆਂ ਕਮਜ਼ੋਰੀਆਂ ਸਪੱਸ਼ਟ ਕਰਨ ਦੇ ਨਾਲ-ਨਾਲ ਅੰਸ਼ਕ ਪ੍ਰਾਪਤੀਆਂ ਦਾ ਉਲੇਖ ਵੀ ਕਰਦਾ ਹੈ। ਪਰ ਨਾਲ ਹੀ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੀ ਕਚਿਆਈ, ਪ੍ਰਕਿਰਤੀਵਾਦੀ, ਪ੍ਰਯੋਗਵਾਦੀ ਤੇ ਆਧੁਨਿਕਵਾਦੀ ਨਾਵਲਾਂ ਦੀਆਂ ਵਿਕ੍ਰਿਤੀਆਂ ਅਤੇ ਮੱਧਵਰਗੀ ਗਲਪ ਚੇਤਨਾ ਦੀਆਂ ਸੀਮਾਵਾਂ ਪ੍ਰਗਟ ਕਰਦਾ ਹੈ।

ਡਾ. ਜੋਗਿੰਦਰ ਸਿੰਘ ਰਾਹੀ ਤਕਨੀਕੀ ਜੁਗਤਾਂ ਨੂੰ ਵਸਤੂ-ਵਿਵੇਕ ਦੇ ਸੰਦਰਭ ਵਿਚ ਹੀ ਮੰਨਣਯੋਗ ਗਿਣਦਾ

ਹੈ। ਤਕਨੀਕ ਅਨੁਭਵ ਨੂੰ ਤੀਖਣਤਾ ਤੇ ਗਹਿਰਾਈ ਪ੍ਰਦਾਨ ਕਰਨ ਵਾਲੀ ਹੋਣ ਦੇ ਬਾਵਜੂਦ ਕਈ ਨਾਵਲਾਂ ਵਿਚ ਅਨੁਭਵ ਦਾ ਬਦਲ ਵੀ ਬਣੀ ਹੈ। ਅਜਿਹੇ ਨਾਵਲਾਂ ਵਿਚ ਤਕਨੀਕ ਵਸਤੂ-ਵਿਵੇਕ ਨੂੰ ਸਿਰਜਨ ਦੀ ਬਜਾਇ ਬਾਧਕ ਬਣ ਜਾਂਦੀ ਹੈ। ਵਸਤੂ ਵਿਵੇਕ ਤੇ ਤਕਨੀਕੀ ਸੌਂਦਰਯ ਦੇ ਦਵੰਦਾਤਮਿਕ ਸਬੰਧਾਂ ਨੂੰ ਗ੍ਰਹਿਣ ਨਾ ਕਰਣ ਵਾਲੇ ਨਾਵਲਕਾਰਾਂ ਦੀ ਸਥਿਤੀ ਵੀ ਡਾ. ਰਾਹੀ ਸਪੱਸ਼ਟ ਕਰ ਦਿੰਦਾ ਹੈ। ਫਿਰ ਵੀ ਇਸ ਪੱਖੋਂ ਬਹੁਤ ਸੁਚੇਤ ਰਹਿਣ ਦੀ ਜ਼ਰੂਰਤ ਹੈ ਕਿ ਤਕਨੀਕੀ ਜੁਗਤਾਂ ਵਸਤੂ-ਵਿਵੇਕ ਦੇ ਸੰਦਰਭ ਵਿਚ ਹੀ ਮੰਨਣਯੋਗ ਹਨ। ਤਕਨੀਕ ਅਨੁਭਵ ਨੂੰ ਤੀਖਣਤਾ ਤੇ ਗਹਿਰਾਈ ਪ੍ਰਦਾਨ ਕਰਨ ਵਾਲੀ ਹੋਣ ਦੇ ਬਾਵਜੂਦ ਕਈ ਨਾਵਲਾਂ ਵਿਚ ਅਨੁਭਵ ਦਾ ਬਦਲ ਵੀ ਬਣ ਸਕਦੀ ਹੈ। ਅਜਿਹੇ ਨਾਵਲਾਂ ਵਿਚ ਤਕਨੀਕ ਵਸਤੂ-ਵਿਵੇਕ ਨੂੰ ਸਿਰਜਣ ਦੀ ਬਜਾਇ ਬਾਧਕ ਬਣ ਜਾਂਦੀ ਹੈ। ਵਸਤੂ-ਵਿਵੇਕ ਤੇ ਤਕਨੀਕੀ ਸੌਂਦਰਯ ਦੇ ਦਵੰਦਾਤਮਿਕ ਸਬੰਧਾਂ ਦੀ ਬਜਾਇ ਕੇਵਲ ਤਕਨੀਕ ਉੱਪਰ ਉਚੇਚਾ ਬਲ ਦੇਣ ਵਾਲੇ ਨਾਵਲਕਾਰਾਂ ਦੀ ਸਥਿਤੀ ਸਪੱਸ਼ਟ ਕਰਦਿਆਂ ਡਾ. ਰਾਹੀ ਲਿਖਦਾ ਹੈ :

> ਪੰਜਾਬੀ ਵਿਚ ਨਰਿੰਜਨ ਤਸਨੀਮ ਤੇ ਸੁਰਜੀਤ ਸੇਠੀ ਨੇ ਪੱਛਮ ਦੇ ਆਧੁਨਿਕਤਾਵਾਦ ਦੀ ਪ੍ਰੇਰਨਾ ਅਧੀਨ ਕੁਝ ਉਚੇਚੇ ਤਕਨੀਕ ਤਜਰਬਿਆਂ ਰਾਹੀ ਸਾਡੀ ਨਾਵਲ ਚੇਤਨਾ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਗੱਲ ਇਨ੍ਹਾਂ ਦੀ ਨਾਵਲ ਕਲਾ ਦੀ ਸਮੱਸਿਆ ਬਣ ਗਈ ਹੈ। ਤਕਨੀਕ ਪ੍ਰਤੱਖਣ ਸ਼ਕਤੀ ਨੂੰ ਤੀਖਣ ਕਰਨ ਦਾ ਸਾਧਨ ਤਾਂ ਹੋ ਸਕਦੀ ਹੈ ਪਰ ਇਹ ਪ੍ਰਤੱਖਣ ਸ਼ਕਤੀ ਦਾ ਬਦਲ ਨਹੀਂ ਹੋ ਸਕਦੀ। ਤਸਨੀਮ ਤੇ ਸੇਠੀ ਇਸ ਨੂੰ ਬਦਲ ਕੇ ਰੂਪ ਵਿਚ ਵਰਤਣ ਵੱਲ ਰੁਚਿਤ ਜਾਪਦੇ ਹਨ। ਇਸ ਦਾ ਸੰਕੇਤ ਉਨ੍ਹਾਂ ਦੇ ਨਾਵਲਾਂ ਵਿਚ ਸਿਰਜਿਤ ਮਾਨਸਿਕ ਯਥਾਰਥ ਵਿਚ ਜੀਵਨ ਦੀ ਇਤਿਹਾਸਕ ਸਾਂਸਕ੍ਰਿਤਕ ਰੰਗਤ ਦੇ ਪੇਤਲੇਪਨ ਵਿਚੋਂ ਮਿਲ ਜਾਂਦਾ ਹੈ।[10]

ਡਾ. ਰਾਹੀ ਇਹ ਵੀ ਸਪੱਸ਼ਟ ਕਰਦਾ ਹੈ ਕਿ ਜਿੱਥੇ ਸਾਡੇ ਸੁਧਾਰਵਾਦੀ ਨਾਵਲਕਾਰ ਆਦਰਸ਼ ਤੇ ਸੌਂਦਰਯ ਨੂੰ ਤਰਜੀਹ ਦੇਣ ਕਰਕੇ ਜੀਵਨ ਦੇ ਇਤਿਹਾਸਕ-ਸਾਂਸਕ੍ਰਿਤਕ ਰੰਗ ਤੇ ਵਿਵੇਕ ਤੋਂ ਖੁੰਝਦੇ ਸਨ। ਤਸਨੀਮ ਤੇ ਸੇਠੀ ਵਰਗੇ ਆਧੁਨਿਕਵਾਦੀਆਂ ਵਿਚ ਇਹ ਘਟਨਾ ਤਕਨੀਕੀ ਸੌਂਦਰਯ ਦੀ ਪ੍ਰਾਥਮਿਕਤਾ ਕਾਰਣ ਵਾਪਰਦੀ ਹੈ। ਪਹਿਲੀ ਸਥਿਤੀ ਮੱਧਵਰਗੀ ਆਚਾਰਵਾਦੀਆਂ ਦੀ ਸੀ ਤੇ ਦੂਜੀ ਮੱਧਵਰਗੀ ਬੁੱਧੀਮਾਨ ਦੀ ਜੋ ਜੀਵਨ ਦੀਆਂ ਉਲਝਣਾਂ ਨੂੰ ਤਕਨੀਕੀ ਸੌਂਦਰਯ ਰਾਹੀਂ ਨਜਿੱਠਣ ਦਾ ਯਤਨ ਕਰਦਾ ਹੈ। ਡਾ. ਜੋਗਿੰਦਰ ਸਿੰਘ ਰਾਹੀ ਕੁਝ ਪ੍ਰਗਤੀਵਾਦੀ ਨਾਵਲ ਆਲੋਚਕਾਂ ਦੁਆਰਾ ਕਲਾਤਮਕ ਸੰਗਠਨ ਲਈ ਵਰਤੀ ਜਾਣ ਵਾਲੀ ਉਸ ਰੁਚੀ ਦਾ ਵਿਰੋਧ ਕਰਦਾ ਹੈ ਜਿਸ ਅਨੁਸਾਰ ਸ਼ਿਲਪਕਾਰੀ ਤੇ ਇਸ ਦੀ ਸੂਖਮਤਾ ਨੂੰ ਵਾਧੂ ਚੋਚਲਾ ਮੰਨਣ ਦੀ ਰੁਚੀ ਪ੍ਰਚਲਿਤ ਹੈ। ਇਸ ਮਸਲੇ ਨਾਲ ਨਜਿੱਠਣ ਲਈ ਡਾ. ਰਾਹੀ ਸ. ਸੋਜ ਦੇ ਨਾਵਲ **ਮਕਾਨ ਇਕ ਖਾਲੀ ਜਿਹਾ** ਦੇ ਅਧਿਐਨ-ਵਿਸ਼ਲੇਸ਼ਣ ਵਿਚੋਂ ਨਤੀਜਾ ਕੱਢਦਾ ਹੈ :

> ਸ਼ਿਲਪਕਾਰੀ ਬੇਸ਼ੱਕ ਕਈ ਹਾਲਤਾਂ ਵਿਚ ਚੋਚਲਾ ਹੋ ਸਕਦੀ ਹੈ। ਪਰ ਪ੍ਰਮਾਣਿਕ ਸ਼ਿਲਪਕਾਰੀ ਅਨੁਭਵ ਦੀ ਤਾਬੀਰ ਹੁੰਦੀ ਹੈ। ਸ਼ਿਲਪ-ਦ੍ਰਿਸ਼ਟੀ ਸਿਰਫ ਅਨੁਭਵ ਦੇ ਪ੍ਰਗਟਾਉ ਦਾ ਜ਼ਰੀਆ ਮਾਤਰ ਨਹੀਂ ਬਲਕਿ ਇਹ ਅਨੁਭਵ ਨੂੰ ਨਿਖਾਰਨ ਦਾ ਸੰਦ ਵੀ ਹੈ। ਸ਼ਿਲਪ ਦੀ ਚੇਤਨਾ ਨਾਲ ਬੇਧਿਆਨੀ ਦੀ ਅਵਸਥਾ ਵਿਚ ਪਈਆਂ ਨਿਗੂਣੀਆਂ ਲੱਗਣ ਵਾਲੀਆਂ ਵਸਤੂਆਂ ਵਿਚ ਸਾਰਥਕਤਾ ਦਿਸਣ ਲੱਗਦੀ ਹੈ। ਉਹ ਅਰੂਪਤਾ ਵਿਚੋਂ ਨਿਕਲ ਕੇ ਰੂਪ ਗ੍ਰਹਿਣ ਕਰਨ ਲੱਗ ਪੈਂਦੀਆਂ ਹਨ ਤੇ ਕਿਸੇ ਤਿੱਖੀ ਦਰਿਆਤੋ ਦਾ ਵਿਸ਼ੈ ਬਣ ਜਾਂਦੀਆਂ ਹਨ ਤੇ ਇਸ ਤਰ੍ਹਾਂ ਸ਼ਿਲਪ ਅਤੇ ਅਨੁਭਵ ਦੋ ਵੱਖਰੀਆਂ ਕਿਰਿਆਵਾਂ ਨਾ ਰਹਿ ਕੇ ਦੁਵੱਲੇ ਅਸਰ ਵਾਲੀ ਪ੍ਰਕਿਰਿਆ ਬਣ ਜਾਂਦੀਆਂ ਹਨ। ਮਕਾਨ ਇਕ ਖਾਲੀ ਜਿਹਾ ਇਸ ਸਮਝ ਨੂੰ ਤਿੱਖਿਆ ਕਰਨ ਵਾਲੇ ਪੰਜਾਬੀ ਦੇ ਵਿਰਲੇ ਨਾਵਲਾਂ ਵਿਚੋਂ ਹੈ।[11]

ਡਾ. ਜੋਗਿੰਦਰ ਸਿੰਘ ਰਾਹੀ ਦੇ ਮੱਤ ਅਨੁਸਾਰ **ਪੰਜਾਬੀ ਨਾਵਲ** ਲਈ ਉਹ ਦਿਨ ਬੜਾ ਸੰਭਾਵਨਾਵਾਂ ਭਰਿਆ ਹੋਵੇਗਾ ਜਿਸ ਦਿਨ ਸਾਡੇ ਨਾਵਲਕਾਰ ਇਕ ਪਾਸੇ ਰੂੜ੍ਹੀਗਤ ਪਾਤਰਾਂ ਅਤੇ ਘਟਨਾਵਾਂ ਤੋਂ ਤੇ ਦੂਜੇ ਪਾਸੇ ਖਾਲੀ ਵਿਧੀਵਾਦ ਤੋਂ ਮੁਕਤ ਹੋ ਕੇ ਯਥਾਰਥ ਦੇ ਸਿੱਧੇ ਅਨੁਭਵ ਨੂੰ ਆਪਣੇ ਗਲਪ-ਬੋਧ ਦੀ ਪ੍ਰੇਰਣਾ ਬਣਾ ਸਕਣਗੇ। ਵਰਤਮਾਨ ਦੇ ਆਲੋਚਨਾਤਮਕ ਗਲਪ-ਬਿੰਬਾਂ ਤੋਂ ਅੱਗੇ ਟੱਪ ਕੇ ਭਵਿੱਖ ਦੀਆਂ ਇਤਿਹਾਸਕ ਸੰਭਾਵਨਾਵਾਂ ਦੇ ਅਨੁਭਵ ਵੱਲ ਰੁਚਿਤ ਹੋਣਾ ਵੀ ਸਾਡੇ ਨਾਵਲ ਦੀ ਇਕ ਬੜੀ ਵੱਡੀ ਲੋੜ ਹੈ। ਕੇਵਲ ਅਜਿਹਾ ਗਲਪ-ਅਨੁਭਵ ਹੀ ਸਾਡੇ ਨਾਵਲ ਦੇ ਰਪ-ਵਿਕਾਸ ਵਿਚ ਕਿਸੇ ਇਤਿਹਾਸਕ ਮ੍ਰਿਗ-ਛਾਲ ਦੀ ਸੰਭਾਵਨਾ ਸਿਰਜ ਸਕਦਾ ਹੈ।

ਡਾ. ਜੋਗਿੰਦਰ ਸਿੰਘ ਰਾਹੀ ਨੇ ਪੰਜਾਬੀ ਨਾਵਲ ਪੁਸਤਕ ਵਿਚ ਭਾਵੇਂ ਯਥਾਰਥਵਾਦੀ ਵਿਧੀ ਨੂੰ ਆਧਾਰ ਬਣਾ ਕੇ ਨਾਵਲੀ ਵਿਧਾ ਦਾ ਸਿਧਾਂਤਕ ਤੇ ਪੰਜਾਬੀ ਦੇ ਕੁਝ ਪ੍ਰਤੀਨਿਧ ਨਾਵਲਾਂ ਦਾ ਵਿਹਾਰਕ ਅਧਿਐਨ-ਵਿਸ਼ਲੇਸ਼ਣ ਕੀਤਾ ਪਰ ਪੰਜਾਬੀ ਨਾਵਲ ਦੇ ਉਦਭਵ ਸਬੰਧੀ ਗੰਭੀਰ ਮਸਲੇ ਨੂੰ ਗੌਲਦਿਆਂ ਉਹ ਇਸ ਤੱਥ ਪ੍ਰਤਿ ਸੁਚੇਤ ਰਹਿੰਦੇ ਹਨ ਕਿ ਪੰਜਾਬੀ ਨਾਵਲ ਦੇ ਉਦਭਵ ਤੇ ਵਿਕਾਸ ਦੇ ਇਤਿਹਾਸਕ ਵਰਤਾਰੇ ਨੂੰ ਸਮਝਣ ਲਈ ਨਾਵਲ ਵਿਧਾ ਦੀਆਂ ਨਿਸਚਿਤ ਕੀਤੀਆਂ ਰੀਤੀਆਂ ਆਰੋਪਿਤ ਨਹੀਂ ਕੀਤੀਆਂ ਜਾਣੀਆਂ ਚਾਹੀਦੀਆਂ ਬਲਕਿ ਕਿਸੇ ਵੀ ਨਾਵਲੀ ਰਚਨਾ ਨੂੰ ਉਸ ਦੇ ਇਤਿਹਾਸਕ ਸੰਦਰਭ ਵਿਚ ਹੀ ਵਿਚਾਰਿਆ ਜਾਣਾ ਉਚਿਤ ਹੈ। ਇਸੇ ਕਰਕੇ ਨਾਵਲੀ ਰਚਨਾਵਾਂ ਦਾ ਪਾਠਗਤ ਅਧਿਐਨ, ਵਿਸ਼ਲੇਸ਼ਣ, ਮੁਲਾਂਕਣ ਕਰਨ ਵੇਲੇ ਉਹ ਕਿਸੇ ਵੀ ਸਮੇਂ ਦੀਆਂ ਰਚਨਾਵਾਂ ਨੂੰ ਨਾਵਲ ਦੇ ਸਥਾਪਿਤ ਵਿਧਾ-ਸ਼ਾਸਤਰੀ ਚੌਖਟੇ ਵਿਚ ਫਿੱਟ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। **ਮਸਲੇ ਗਲਪ** ਦੇ ਪੁਸਤਕ ਵਿਚ ਡਾ. ਰਾਹੀਂ ਨੇ ਰਚਨਾਵਾਂ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਇਤਿਹਾਸਕ ਹਾਲਤਾਂ ਦੀ ਜਟਿਲਤਾ ਨੂੰ ਕੁਰੇਦਣ ਦਾ ਵੱਡਾ ਰਚਨਾਤਮਿਕ ਮਸਲਾ ਵੀ ਆਪਣੀ ਯਥਾਰਥਵਾਦੀ ਵਿਧੀ ਵਿਚ ਜਜ਼ਬ ਕਰ ਲਿਆ ਸੀ। **ਸਮਾਂ ਤੇ ਸੰਵਾਦ** ਵਿਚ ਸ਼ੁਰੂ ਹੋਈ ਰਚਨਾ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਅਦਿੱਖ ਪੁਰਾਤਤਵ ਦੇ ਦਾਰਸ਼ਨਿਕ ਅਰਥਾਂ ਦੀ ਘੋਖ ਅਤੇ **ਜੋਤ ਜੁਗਤ ਕੀ ਬਾਰਤਾ** ਵਿਚ ਇਹ ਘੋਖ ਵਿਸ਼ਾਲਤਾ ਸਹਿਤ ਅਧਿਐਨ ਕਾਰਜ ਵਿਚ ਫੈਲ ਗਈ। ਇਨ੍ਹਾਂ ਤਿੰਨ ਬੁਨਿਆਦੀ ਪੜਾਵਾਂ ਵਿਚ ਵਿਕਸਤ ਹੋਇਆ ਡਾ. ਜੋਗਿੰਦਰ ਸਿੰਘ ਰਾਹੀ ਦਾ ਆਲੋਚਨਾਤਮਿਕ ਯਥਾਰਥਵਾਦ। 'ਦੁਖਾਂਤ ਮਾਨਵਵਾਦ' ਦੇ ਸੰਕਲਪ ਤੋਂ ਪੁਰਾਤਤਵ ਦੀ ਖੋਜ ਵੱਲ ਮੁੜ ਜਾਣਾ ਵੀ ਇਸੇ ਦਾ ਹੀ ਸੰਕੇਤ ਹੈ। **ਜੋਤ ਜੁਗਤ ਕੀ ਬਾਰਤਾ** (2006) ਪੁਸਤਕ ਵਿਚ ਡਾ. ਰਾਹੀ ਨੇ ਮਾਰਕਸਵਾਦੀ ਪ੍ਰਤਿਬੱਧਤਾ ਦੇ ਸਿਧਾਂਤ ਦੀ ਬਜਾਇ ਬਹੁਲਤਾਵਾਦੀਆਂ ਦੁਆਰਾ ਪ੍ਰਚਾਰਿਤ 'ਸੰਵਾਦਭਵ' ਨੂੰ ਬਿਰਤਾਂਤ ਦੀ ਉਸਾਰੀ ਲਈ ਅਤਿਅੰਤ ਅਨਿਵਾਰੀ ਮੰਨਿਆ ਹੈ। ਧਿਆਨ ਵਿਚ ਰਹੇ ਕਿ ਮਾਰਕਸਵਾਦੀ ਚਿੰਤਕ ਵੀ ਸੰਵਾਦ-ਭਵ ਤੋਂ ਮੂੰਹ ਨਹੀਂ ਮੋੜਦੇ ਪਰ ਉਹ ਇਸ ਕਠੋਰ ਹਕੀਕਤ ਨੂੰ ਜਾਣਦੇ ਹਨ ਕਿ ਵਰਤਮਾਨ ਸਮਿਆਂ ਦੇ ਅਤਿ-ਵਿਕਸਤ ਪੂੰਜੀਵਾਦੀ ਦੌਰ ਵਿਚ ਜਦ ਬਹੁਰਾਸ਼ਟਰੀ ਆਰਥਿਕ ਨਿਗਮਾਂ ਦੁਆਰਾ ਮਨੁੱਖੀ ਅਵਚੇਤਨ, ਪ੍ਰਕਿਰਤੀ ਅਤੇ ਤੀਸਰੀ ਦੁਨੀਆਂ ਨੂੰ ਵੀ ਸੰਚਾਰ ਸਾਧਨਾਂ ਦੀ ਪੱਖਪਾਤੀ ਵਰਤੋਂ ਦੁਆਰਾ ਬਜ਼ਾਰ ਦੀ ਜੱਦ ਵਿਚ ਲਿਆਂਦਾ ਜਾ ਰਿਹਾ ਹੈ ਤਾਂ ਇਨ੍ਹਾਂ ਨਵ-ਦਮਨਕਾਰੀ ਸ਼ਕਤੀਆਂ ਨਾਲ ਵਿਹਾਰਕ ਪੱਧਰ 'ਤੇ ਸੰਵਾਦ-ਭਵ ਸੰਭਵ ਨਹੀਂ। ਬਹੁਲਤਾਵਾਦੀਆਂ ਦੀ ਸਮੱਸਿਆ ਇਹ ਹੈ ਕਿ ਉਹ ਸੰਵਾਦ-ਭਵ ਨੂੰ ਸੰਭਵ ਬਣਾਉਣ ਵਾਲੀ 'ਬੁਨਿਆਦੀ ਤਬਦੀਲੀ' ਨੂੰ ਜ਼ਰੂਰੀ ਨਹੀਂ ਸਮਝਦੇ ਸਗੋਂ ਇਸ ਦੇ ਉਲਟ ਬੁਨਿਆਦੀ ਤਬਦੀਲੀ ਨੂੰ ਤਾਂ ਉਹ ਨਿਰਾ ਭਰਮ ਕਰਾਰ ਦਿੰਦੇ ਹਨ। ਮਾਰਕਸਵਾਦੀਆਂ ਲਈ ਅਸਲੀਅਤ ਇਹ ਹੈ ਕਿ ਸੰਵਾਦ-ਭਵ ਨੂੰ ਸੰਭਵ ਬਣਾਉਣ ਲਈ ਬੁਨਿਆਦੀ ਤਬਦੀਲੀ ਵਾਲੇ ਹਾਲਾਤ ਤੇ ਸੋਚ ਨੂੰ ਇਤਿਹਾਸ ਵਿਚੋਂ ਕੁਰੇਦਣਾ ਜਰੂਰੀ ਹੈ। ਇਸ ਸੰਘਰਸ਼ ਨਾਲ ਜੁੜਨ ਲਈ ਧੁਰ-ਡੂੰਘ ਤਕ ਪ੍ਰਤਿਬੱਧਤਾ ਦੀ ਅੰਤਰ ਵਸਤੂ ਨੂੰ ਜਜ਼ਬ ਕਰਨਾ ਅਤਿਅੰਤ ਜਰੂਰੀ ਹੈ। ਪਰ ਵਿਅੰਗ ਇਹ ਹੈ ਕਿ ਇਹ ਪ੍ਰਤਿਬੱਧਤਾ ਹੀ ਬਹੁਲਤਾਵਾਦੀਆਂ ਲਈ ਓਪਰੀ ਤੇ ਪੁਰਾਣੀ ਵਸਤ ਹੈ ਅਤੇ ਉਨ੍ਹਾਂ ਦੇ ਪਿਛਲੱਗ ਤੀਸਰੀ ਦੁਨੀਆਂ ਦੇ ਬੁੱਧੀਜੀਵੀਆਂ ਲਈ ਵੀ। ਬਿਰਤਾਂਤ ਦੀ ਉਸਾਰੀ ਲਈ ਲੋੜੀਂਦਾ ਸੰਵਾਦ-ਭਵ ਜੀਵਨ ਨਾਲ ਦਵੰਦਾਤਮਿਕ ਸਬੰਧ ਰੱਖਦਾ ਹੈ ਤੇ ਗ੍ਰਾਮਸ਼ੀ ਦੇ ਕਹਿਣ ਵਾਂਗ 'ਜੀਵਨ ਵਿਚ ਹੀ ਕਲਾ ਹੈ'। ਅਖੀਰ, ਸ਼ਬਦ ਦੇ ਸਹੀ ਅਰਥਾਂ ਵਿਚ ਇਹ ਕਹਿਣਾ ਉਚਿਤ ਪ੍ਰਤੀਤ ਹੁੰਦਾ ਹੈ ਕਿ ਡਾ. ਰਾਹੀ ਦੇ ਹੱਥਾਂ ਵਿਚ ਆਲੋਚਨਾਤਮਕ ਯਥਾਰਥਵਾਦ ਸਥਿਰ ਬੱਜਰ ਸਿਧਾਂਤ ਨਹੀਂ ਬਣ ਗਿਆ, ਸਗੋਂ ਗਤੀਸ਼ੀਲ ਤੇ ਰਚਨਾਤਮਿਕ ਪ੍ਰਕਿਰਿਆ ਹੋ ਨਿੱਬੜਿਆ ਹੈ, ਭਾਵੇਂ ਇਸ ਦੀ ਆਪਣੀ ਬੁਨਿਆਦੀ ਸੀਮਾ ਵੀ ਬਣੀ ਰਹਿੰਦੀ ਹੈ।

ਸਮਕਾਲੀ ਪੰਜਾਬੀ ਨਾਵਲ ਆਲੋਚਨਾ ਦੇ ਖੇਤਰ ਵਿਚ ਪ੍ਰੋ. ਜੁਗਿੰਦਰ ਸਿੰਘ ਨਹਿਰੂ ਨੇ ਆਪਣੀ ਪੁਸਤਕ **ਪ੍ਰਗਤੀਵਾਦ ਅਤੇ ਪੰਜਾਬੀ ਨਾਵਲ** ਵਿਚ ਪ੍ਰਗਤੀਵਾਦ ਦੇ ਸਿਧਾਂਤਕ ਅਧਾਰਾਂ ਨੂੰ ਸਪੱਸ਼ਟ ਕੀਤਾ ਅਤੇ ਇਸ ਲਹਿਰ ਦੇ ਪਰਮੁਖ ਵਿਚਾਰਧਾਰਕ ਸੂਤਰਾਂ ਵਿਚ ਫਾਸ਼ੀਵਾਦ ਤੇ ਨਾਰੀਵਾਦ ਦਾ ਵਿਰੋਧ; ਬਰਤਾਨਵੀ ਸਾਮਰਾਜਵਾਦ ਦਾ ਵਿਰੋਧ; ਸਾਮੰਤਵਾਦ ਦਾ ਵਿਰੋਧ; ਕੌਮੀ ਸਰਮਾਇਦਾਰੀ ਦਾ ਵਿਰੋਧ; ਬ੍ਰਾਹਮਣਵਾਦ ਅਤੇ ਧਾਰਮਿਕ ਪਰੰਪਰਾਵਾਦ ਦਾ ਵਿਰੋਧ; ਜਾਤ-ਪਾਤ, ਛੂਤ-ਛਾਤ, ਵਹਿਮਾਂ-ਭਰਮਾਂ ਤੇ ਇਸਤਰੀ ਜਾਤੀ ਦੇ ਦਮਨ ਦਾ ਵਿਰੋਧ ਅਤੇ ਕਿਰਤੀ, ਕਿਰਸਾਨੀ ਦਾ ਸਮਰਥਨ ਤੇ ਇਸ ਦੇ ਕਲਿਆਣ ਦਾ ਲਕਸ਼ ਆਦਿ ਨੂੰ ਗਿਣਿਆ ਹੈ। ਪ੍ਰੋ. ਜੁਗਿੰਦਰ ਸਿੰਘ ਨਹਿਰੂ ਦੁਆਰਾ ਪ੍ਰਗਤੀਵਾਦ ਦੇ ਵਿਚਾਰਧਾਰਕ ਆਧਾਰਾਂ ਬਾਰੇ ਕੀਤੀ ਗਈ ਬੱਝਵੀਂ ਸਿਧਾਂਤਕ ਚਰਚਾ ਦਾ ਪੰਜਾਬੀ ਆਲੋਚਨਾ ਦੇ ਸੰਦਰਭ ਵਿਚ ਖਾਸ ਇਤਿਹਾਸਕ ਮਹੱਤਵ ਹੈ। ਉਪਰੋਕਤ ਪੁਸਤਕ ਵਿਚ ਹੀ ਪ੍ਰੋ. ਜੁਗਿੰਦਰ ਸਿੰਘ ਨਹਿਰੂ ਨੇ ਪੰਜਾਬੀ ਦੇ ਅਠਾਰਾਂ ਪ੍ਰਤੀਨਿਧ ਨਾਵਲਾਂ ਦਾ ਵਿਹਾਰਕ ਅਧਿਐਨ-ਵਿਸ਼ਲੇਸ਼ਣ-ਮੁਲਾਂਕਣ ਪ੍ਰਗਤੀਵਾਦ ਦੇ ਸੰਦਰਭ ਵਿਚ ਕੀਤਾ ਹੈ।

ਪੰਜਾਬੀ ਦੇ ਇਸ ਯਥਾਰਥਵਾਦੀ ਨਾਵਲ ਆਲੋਚਕ ਦੀ ਦੂਸਰੀ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਉਸ ਨੇ ਆਧੁਨਿਕਤਾਵਾਦੀ ਪੰਜਾਬੀ ਨਾਵਲ ਵਿਚਲੀਆਂ ਰਚਨਾਤਮਿਕ ਵਿਧੀਆਂ ਤੇ ਜੁਗਤਾਂ ਦੇ ਮੁੱਲ ਅਤੇ ਮਹੱਤਵ ਨੂੰ ਪਛਾਣਿਆ ਹੈ। ਉਲੇਖਯੋਗ ਹੈ ਕਿ ਪੰਜਾਬੀ ਦੇ ਬਹੁਤੇ ਮਾਰਕਸਵਾਦੀ ਗਲਪ-ਆਲੋਚਕ ਆਧੁਨਿਕਤਾਵਾਦੀ ਪੰਜਾਬੀ ਨਾਵਲਾਂ ਦੀ ਰਚਨਾ-ਵਸਤੂ ਵਿਚਲੀਆਂ ਵਿਚਾਰਧਾਰਕ ਵਿਕ੍ਰਿਤੀਆਂ ਦਾ ਵਿਸ਼ਲੇਸ਼ਣ ਤਾਂ ਨਿਰਸੰਦੇਹ ਕਰਦੇ ਹਨ ਪਰ ਅਜਿਹਾ ਕਰਦੇ ਹੋਏ ਉਹ ਆਧੁਨਿਕਤਾਵਾਦੀ ਬਿਰਤਾਂਤਕ ਵਿਧੀਆਂ ਤੇ ਕਲਾ-ਜੁਗਤਾਂ ਦੇ ਰਚਨਾਤਮਿਕ ਮਹੱਤਵ ਵੱਲ ਯੋਗ ਧਿਆਨ ਨਹੀਂ ਦੇ ਸਕੇ। ਜਦ ਕਿ ਪ੍ਰੋ. ਜੋਗਿੰਦਰ ਸਿੰਘ ਰਾਹੀ ਅਤੇ ਪ੍ਰੋ. ਜੁਗਿੰਦਰ ਸਿੰਘ ਨਹਿਰੂ ਇਸ ਬੁਨਿਆਦੀ ਮਸਲੇ ਵੱਲ ਉਚਿਤ ਧਿਆਨ ਦੁਆ ਕੇ ਪੰਜਾਬੀ ਨਾਵਲ-ਆਲੋਚਨਾ ਨੂੰ ਵਿਕਾਸ ਦੀ ਇਕ ਨਵੀਂ ਦਿਸ਼ਾ ਦਿੰਦੇ ਹਨ।

ਪ੍ਰੋ. ਜੁਗਿੰਦਰ ਸਿੰਘ ਨਹਿਰੂ ਦੀ ਅਗਲੀ ਉਲੇਖਯੋਗ ਪ੍ਰਾਪਤੀ ਇਹ ਹੈ ਕਿ ਉਸ ਨੇ **ਨਾਵਲ ਦੀ ਵਿਧਾ** (2006) ਪੁਸਤਕ ਵਿਚਲੇ ਇਕ ਲੰਬੇ ਮਜਮੂਨ 'ਵਿਧਾ ਸਿਧਾਂਤ ਅਤੇ ਨਾਵਲ ਦੀ ਵਿਧਾ' ਰਾਹੀਂ ਵਿਸ਼ਵ ਪੱਧਰ ਦੇ ਗਲਪ-ਸਮੀਖਿਆਕਾਰਾਂ, ਬਿਰਤਾਂਤ ਸ਼ਾਸਤਰੀਆਂ ਤੇ ਨਵੇਂ ਮਾਰਕਸਵਾਦੀ ਚਿੰਤਕਾਂ ਦੀਆਂ ਰਚਨਾਤਮਿਕ/ਵਿਚਾਰਧਾਰਕ ਅੰਤਰ ਦ੍ਰਿਸ਼ਟੀਆਂ ਨੂੰ ਸੰਜੋਅ ਕੇ ਨਾਵਲ ਦੇ ਵਿਧਾ ਸਿਧਾਂਤ ਬਾਰੇ ਨਵੀਨ ਧਾਰਨਾਵਾਂ ਨਿਸਚਿਤ ਕੀਤੀਆਂ ਹਨ। ਉਸ ਨੇ ਮਿੱਥ, ਰੁਮਾਂਸ ਤੇ ਮਹਾਂਕਾਵਿ ਆਦਿ ਪੁਰਾਤਨ ਬਿਰਤਾਂਤ ਰੂਪਾਂ ਨਾਲੋਂ ਨਾਵਲੀ ਵਿਧਾ ਦੇ ਬੁਨਿਆਦੀ ਅੰਤਰ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵੀ ਉਪਰੋਕਤ ਤਿੰਨਾਂ ਬਿਰਤਾਂਤਕ ਵਿਧਾਵਾਂ ਦੀ ਸਕ੍ਰਿਆ ਰਚਨਾਤਮਿਕ ਸ਼ਕਤੀ ਨੂੰ ਅੱਖੋਂ ਪਰੋਖੇ ਨਹੀਂ ਕੀਤਾ।

ਡਾ. ਸੁਖਦੇਵ ਸਿੰਘ ਖਾਹਰਾ ਨੇ ਆਪਣੀ ਪੁਸਤਕ **ਪੰਜਾਬੀ ਨਾਵਲ ਵਿਚ ਸਾਂਸਕ੍ਰਿਤਕ ਚੇਤਨਾ** ਵਿਚ ਪੰਜਾਬੀ ਦੇ ਕੁਝ ਪ੍ਰਤੀਨਿਧ ਨਾਵਲਾਂ ਨੂੰ ਆਧਾਰ ਬਣਾ ਕੇ ਪੰਜਾਬੀ ਸਮਾਜ ਦੀ ਸਾਂਸਕ੍ਰਿਤਕ ਚੇਤਨਾ ਦੇ ਵਿਭਿੰਨ ਰੂਪਾਂ (ਸ਼੍ਰੈਣਿਕ ਤੇ ਜਾਤਪਾਤੀ ਰੂਪ, ਧਾਰਮਿਕ ਰੂਪ, ਰਾਜਨੀਤਕ ਰੂਪ ਤੇ ਸਾਂਸਕ੍ਰਿਤਕ ਚੇਤਨਾ ਦੇ ਸਦੀਵੀ ਵਿਰੋਧ) ਦਾ ਅਧਿਐਨ - ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਡਾ. ਖਾਹਰਾ ਦਾ ਬੁਨਿਆਦੀ ਵਿਚਾਰ ਇਹ ਹੈ ਕਿ ਨਾਵਲ ਵਿਸ਼ੇਸ਼ ਸਾਂਸਕ੍ਰਿਤਕ ਪਰਸਥਿਤੀਆਂ ਵਿਚੋਂ ਪੈਦਾ ਹੋਇਆ ਹੋਣ ਕਰਕੇ ਅਤੇ ਆਪਣੇ ਖੁੱਲ੍ਹੇ ਵਿਧੀ-ਵਿਧਾਨ ਕਰਕੇ ਸਾਂਸਕ੍ਰਿਤਕ ਚੇਤਨਾ ਦੇ ਵਿਰੋਧਾਂ ਦੀਆਂ ਜਟਿਲਤਾਵਾਂ ਨੂੰ ਆਪਣੀ ਵਿਸ਼ਾਲ ਕੈਨਵਸ ਉੱਤੇ ਦੂਜੇ ਸਾਹਿਤ ਰੂਪਾਂ ਨਾਲੋਂ ਵਧੇਰੇ ਭਰਪੂਰਤਾ ਨਾਲ ਚਿਤਰਨ ਦੇ ਸਮਰੱਥ ਹੈ। ਕਲਾਤਮਕ ਪੱਧਰ ਉੱਤੇ ਸਾਂਸਕ੍ਰਿਤਕ ਚੇਤਨਾ ਦਾ ਵਿਵੇਕ ਤੇ ਪ੍ਰਤੀਕਰਮ ਪ੍ਰਗਟਾਉਂਦਾ ਹੋਇਆ ਨਾਵਲ ਡਾ. ਖਾਹਰਾ ਅਨੁਸਾਰ ਆਪਣੇ ਆਪ ਵਿਚ ਇਕ ਗਤੀਸ਼ੀਲ ਸਾਂਸਕ੍ਰਿਤਕ ਹੋਂਦ ਹੈ ਜਿਸ ਦੀਆਂ ਸੰਰਚਨਾਤਮਕ ਇਕਾਈਆਂ, ਕਥਾ ਤੇ ਕਥਾਨਕ ਰੂੜ੍ਹੀਆਂ ਦੇ ਆਧਾਰ ਸਾਂਸਕ੍ਰਿਤਕ ਚੇਤਨਾ ਦੀ ਪਰੰਪਰਾ ਵਿਚ ਨਿਹਿਤ ਹਨ। ਡਾ. ਸੁਖਦੇਵ ਸਿੰਘ ਖਾਹਰਾ ਦੀ ਸਪੱਸ਼ਟ ਧਾਰਨਾ ਹੈ ਕਿ ਸਾਡੇ ਪੰਜਾਬੀ ਜੀਵਨ ਦੀਆਂ ਵਾਸਤਵਿਕ ਰੂੜ੍ਹੀਆਂ ਲੋਕ ਰੂੜ੍ਹੀਆਂ ਹਨ, ਜਿਨ੍ਹਾਂ ਦਾ ਤ੍ਰਿਸਕਾਰ ਕਰਕੇ ਕਲਪਿਤ ਰੂੜ੍ਹੀਆਂ ਦੇ ਆਧਾਰ ਉੱਪਰ ਨਾਵਲ ਸਿਰਜਣਾ ਸੰਭਵ ਨਹੀਂ।

ਡਾ. ਖਾਹਰਾ ਦਾ ਇਕ ਹੋਰ ਬੁਨਿਆਦੀ ਵਿਚਾਰ ਇਹ ਹੈ ਕਿ ਨਾਵਲ ਆਧੁਨਿਕ ਯੁਗ ਦੀ ਵਿਗਿਆਨਕ ਸਾਂਸਕ੍ਰਿਤਕ ਚੇਤਨਾ ਦੀ ਉਪਜ ਹੋਣ ਕਰਕੇ ਮੱਧਕਾਲੀਨ ਸਾਂਸਕ੍ਰਿਤਕ ਚੇਤਨਾ ਨਾਲੋਂ ਵੱਖਰਤਾ ਰੱਖਦਾ ਹੈ। ਇਸ ਦੀ ਇਹ ਵੱਖਰਤਾ ਮੱਧਕਾਲੀਨ ਸਾਂਸਕ੍ਰਿਤਕ ਚੇਤਨਾ ਦੇ ਧੁਰੇ 'ਵਿਸ਼ਵਾਸ਼' ਦੇ ਵਿਪਰੀਤ ਤਰਕ ਆਧਾਰਿਤ ਹੋਣ ਕਰਕੇ ਸੰਦੇਹ ਤੇ ਪ੍ਰਸ਼ਨ ਖੜ੍ਹੇ ਕਰਨ ਵਿਚ ਹੈ। ਨਾਵਲ ਵਿਚ ਪੇਸ਼ ਹੋਈ ਸਾਂਸਕ੍ਰਿਤਕ ਚੇਤਨਾ ਦੇ ਵਿਵੇਕ ਨੂੰ ਡਾ. ਖਾਹਰਾ ਵਸਤੂ-ਜਗਤ ਦੀ ਸਾਂਸਕ੍ਰਿਤਕ ਚੇਤਨਾ ਦੇ ਸਮਾਜਕ-ਇਤਿਹਾਸਕ ਪਰਿਪੇਖ ਵਿਚ ਵਿਚਾਰਨਾ ਅਤਿ ਜ਼ਰੂਰੀ ਸਮਝਦਾ ਹੈ ਕਿਉਂਕਿ ਬਾਹਰੀ ਸੰਦਰਭ ਤੋਂ ਬਿਨ੍ਹਾਂ ਕਿਸੇ ਵੀ ਨਾਵਲੀ ਰਚਨਾ ਦੀ ਪ੍ਰਮਾਣਿਕਤਾ ਸਬੰਧੀ ਨਿਰਣਾ ਅਧੂਰਾ ਹੋਵੇਗਾ। ਰਚਨਾ ਨੂੰ ਬਾਹਰੀ ਸੰਦਰਭਾਂ ਨਾਲ ਜੋੜ ਕੇ ਦੇਖਣ ਦੇ ਨਾਲ-ਨਾਲ ਡਾ. ਖਾਹਰਾ ਰਚਨਾ ਦੇ ਵਿਲੱਖਣ ਕਲਾਤਮਕ ਸੰਗਠਨ ਤੇ ਸੁਹਜਾਤਮਕ ਮੁੱਲ ਦਾ ਵੀ ਬਰਾਬਰ ਖਿਆਲ ਰੱਖਦਾ ਹੈ ਜੋ ਕਿ ਉਸ ਦੀ ਸੰਤੁਲਿਤ ਦ੍ਰਿਸ਼ਟੀ ਦਾ ਪ੍ਰਮਾਣ ਹੈ।

ਆਪਣੀ ਸੰਪਾਦਿਤ ਪੁਸਤਕ **ਨਾਵਲਕਾਰ ਮਿੱਤਰ ਸੈਨ ਮੀਤ** ਵਿਚ ਡਾ. ਸੁਖਦੇਵ ਸਿੰਘ ਖਾਹਰਾ ਨੇ ਆਪਣੇ ਅਧਿਐਨ ਵਿਸ਼ਲੇਸ਼ਣ ਦਾ ਕੇਂਦਰ ਦੋ ਪਰਮੁਖ ਮਸਲਿਆਂ ਨੂੰ ਬਣਾਇਆ ਹੈ। ਪਹਿਲਾ ਇਹ ਕਿ ਮਿੱਤਰ ਸੈਨ ਮੀਤ ਆਪਣੇ ਦੋ ਮੁਢਲੇ ਨਾਵਲਾਂ **ਅੱਗ ਦੇ ਬੀਜ** (1971) ਤੇ **ਕਾਫ਼ਲਾ** (1986) ਵਿਚ ਕਿਵੇਂ ਰੁਮਾਂਟਿਕ ਪ੍ਰਗਤੀਵਾਦੀ ਪ੍ਰਵਿਰਤੀ ਦੇ ਪ੍ਰਭਾਵ ਅਧੀਨ ਵਿਚਰਦਾ ਰਿਹਾ ਅਤੇ **ਤਫ਼ਤੀਸ਼** (1990) ਨਾਵਲ ਤਕ ਪਹੁੰਚ ਕੇ ਉਹ ਯਥਾਰਥਵਾਦੀ ਸ਼ੈਲੀ ਦੀ ਪ੍ਰਮਾਣਿਕਤਾ ਦਾ ਸਬੂਤ ਦੇ ਸਕਿਆ ਹੈ। ਡਾ. ਖਾਹਰਾ ਦੁਆਰਾ ਤਫਤੀਸ਼ ਨਾਵਲ ਬਾਰੇ


**www.sanvad.org**
ISSN : 2395-1273

ਬਣਾਈ ਗਈ ਇਕ ਬੁਨਿਆਦੀ ਧਾਰਨਾ ਦੇਖਣਯੋਗ ਹੈ:

> ਪੂਰੀ ਦੀ ਪੂਰੀ ਵਿਵਸਥਾ ਮਾਨਵੀਂ ਕਦਰਾਂ ਨੂੰ ਨਿਰੰਤਰ ਨਿਗਲ ਰਹੀ ਹੈ, ਸਾਡੇ ਜੀਵਨ ਦੀ ਭਵਿੱਖਮੁਖੀ ਦਿਸ਼ਾ ਇਨ੍ਹਾਂ ਕਦਰਾਂ ਦੇ ਲਗਾਤਾਰ ਨਿਘਾਰ ਵੱਲ ਦੀ ਹੈ। ਅੰਸ਼ਕ ਸੱਚ ਵੱਜੋਂ ਸਕ੍ਰਿਆ ਪ੍ਰਗਤੀਸ਼ੀਲ ਸ਼ਕਤੀਆਂ ਦੇ ਸੀਮਿਤ ਜਤਨਾਂ ਨਾਲ ਇਸ ਨਿਘਾਰ ਨੂੰ ਕਿਧਰੇ ਕੋਈ ਮੋੜਾ ਪੈਂਦਾ ਨਜ਼ਰ ਨਹੀਂ ਆਉਂਦਾ। ਅਮਾਨਵੀਕਰਣ ਦੇ ਜਟਿਲ ਅਤੇ ਵਿਵਿਧ ਰੂਪਾਂ ਨੂੰ ਵਿਅੰਗਭਾਵੀ ਦ੍ਰਿਸ਼ਟੀ ਨਾਲ ਚਿਤਰਦੀ ਅਤੇ ਵਸਤੂਪਰਕ ਵਿਸ਼ਲੇਸ਼ਣ ਵਿਚ ਢਾਲਦੀ ਇਹ ਨਾਵਲ ਰਚਨਾ ਪਾਠਕ ਨੂੰ ਇਸ ਗੱਲ ਦੀ ਚਿੰਤਾ ਲਾਉਂਦੀ ਹੈ ਕਿ ਜੋ ਜੀਵਨ ਉਹ ਜੀਅ ਰਿਹਾ ਹੈ, ਉਹ ਜੀਣ ਜੋਗਾ ਨਹੀਂ। ਇਹ ਚਿੰਤਾ ਹੀ ਅਗਲੇਰੀ ਤੋਤੀਸ਼ ਲਈ ਲੋੜੀਂਦੇ ਚਿੰਤਨ ਦਾ ਬੀਜ ਰੂਪ ਹੈ।[12]

ਨਾਵਲੀ ਰਚਨਾਵਾਂ ਬਾਰੇ ਕੀਤੀਆਂ ਗਈਆਂ ਅਜਿਹੀਆਂ ਵਜ਼ਨਦਾਰ ਟਿੱਪਣੀਆਂ ਡਾ. ਖਾਹਰਾ ਦੀ ਮਾਨਵੀ ਮੁੱਲਾਂ ਪ੍ਰਤੀ ਪ੍ਰਤਿਬੱਧਤਾ ਨੂੰ ਪ੍ਰਗਟ ਕਰਦੀਆਂ ਹਨ।

ਡਾ. ਸੁਖਦੇਵ ਸਿੰਘ ਖਾਹਰਾ ਨੇ ਜਿੱਥੇ ਇਕ ਪਾਸੇ ਪੰਜਾਬੀ ਨਾਵਲ ਵਿਚ ਨਿਹਿਤ ਸਾਂਸਕ੍ਰਿਤਕ ਚੇਤਨਾ ਦੇ ਵਿਭਿੰਨ ਪੱਖਾਂ, ਪਾਸਾਰਾਂ ਤੇ ਸੰਕਟਾਂ ਨੂੰ ਸਮਝਣ ਦਾ ਯਤਨ ਕੀਤਾ ਹੈ, ਉੱਥੇ ਦੂਜੇ ਪਾਸੇ ਪੰਜਾਬੀ ਨਾਵਲ ਵਿਚ ਵਿਕਸਤ ਹੋ ਰਹੀਆਂ ਸੋਝੀ ਵਿਸਤਾਰ ਦੀਆਂ ਨਵੀਨਤਮ ਜੁਗਤਾਂ ਬਾਰੇ ਵੀ ਗੰਭੀਰ ਚਰਚਾ ਕੀਤੀ ਹੈ।

ਪੰਜਾਬੀ ਨਾਵਲ ਵਿਚ ਵਿਕਸਤ ਹੋਏ ਨਾਵਲੀ ਨਾਇਕ ਦੇ ਸਰੂਪ, ਸੰਗਠਨ ਤੇ ਵਿਗਠਨ ਦੀ ਇਤਿਹਾਸਕ ਪ੍ਰਕ੍ਰਿਆ ਨੂੰ ਸਪੱਸ਼ਟ ਕਰਦਿਆਂ ਡਾ. ਹਰਦਰਸ਼ਨ ਸਿੰਘ ਨੇ ਅਤੇ ਪੰਜਾਬੀ ਨਾਵਲ ਵਿਚਲੀ ਦੁਖਾਂਤ ਦ੍ਰਿਸ਼ਟੀ ਦੇ ਉਦਭਵ ਤੇ ਵਿਕਾਸ ਦਾ ਅਧਿਐਨ- ਵਿਸ਼ਲੇਸ਼ਣ ਕਰਦਿਆਂ ਡਾ. ਸੁਖਬੀਰ ਕੌਰ ਨੇ ਪ੍ਰੋ. ਜੋਗਿੰਦਰ ਸਿੰਘ ਰਾਹੀ ਦੇ ਆਲੋਚਨਾਤਮਕ ਯਥਾਰਥਵਾਦ ਨੂੰ ਹੋਰ ਵਿਸਤ੍ਰਿਤ ਕੀਤਾ ਹੈ। ਡਾ. ਹਰਦਰਸ਼ਨ ਸਿੰਘ ਆਪਣੀ ਪੁਸਤਕ ਪੰਜਾਬੀ ਨਾਵਲ ਵਿਚ ਨਾਇਕ ਦਾ ਵਿਗਠਨ ਵਿਚ ਪੰਜਾਬੀ ਨਾਵਲ ਵਿਚਲੇ ਨਾਇਕ ਦੇ ਸੰਕਲਪ ਤੇ ਸਰੂਪ ਦੀ ਪਛਾਣ ਕਰਨ ਲਈ ਮੱਧਕਾਲੀਨ ਪੰਜਾਬੀ ਕਥਾ ਸਾਹਿਤ ਵਿਚ ਪ੍ਰਾਪਤ ਨਾਇਕ ਦੇ ਸਰੂਪ ਨੂੰ ਕੁਰੇਦਣਾ ਜ਼ਰੂਰੀ ਸਮਝਦਾ ਹੈ। ਮੁਢਲੇ ਪੰਜਾਬੀ ਨਾਵਲ ਵਿਚ ਨਾਇਕ ਦਾ ਸਰੂਪ ਬੁਨਿਆਦੀ ਤੌਰ ’ਤੇ ਮੱਧਕਾਲੀ ਹੀ ਬਣਿਆ ਰਹਿੰਦਾ ਹੈ ਪਰ ਵੱਡੀ ਇਤਿਹਾਸਕ ਉਥਲ-ਪੁਥਲ ਦੌਰਾਨ ਵਿਕਸਤ ਹੋਈ ਯਥਾਰਥਵਾਦੀ ਰਚਨਾ-ਵਿਧੀ ਤੇ ਰਚਨਾ-ਦ੍ਰਿਸ਼ਟੀ ਦੇ ਨਤੀਜੇ ਵਜੋਂ ਨਾਇਕ ਦਾ ਪਰੰਪਰਕ ਸਰੂਪ ਤਿੜਕਣਾ ਸ਼ੁਰੂ ਹੋ ਜਾਂਦਾ ਹੈ ਅਤੇ ਪੰਜਾਬੀ ਨਾਵਲ ਵਿਚਲੇ ਨਾਇਕ ਦੀ ਹੋਂਦ ਦੁਖਾਂਤ ਪਾਤਰਾਂ ਵਿਚ ਵਿਗਠਤ ਹੁੰਦੀ ਚਲੀ ਜਾਂਦੀ ਹੈ। ਯਾਦ ਰਹੇ ਕਿ ਡਾ. ਜੋਗਿੰਦਰ ਸਿੰਘ ਰਾਹੀ ਨੇ ਵੀ ਗਲਪਕਾਰ ਗੁਰਦਿਆਲ ਸਿੰਘ ਦੇ ਦੁਖਾਂਤ ਪਾਤਰਾਂ ਤੇ ਉਨ੍ਹਾਂ ਦੀ ਦੁਖਾਂਤ ਹੋਣੀ ਵੱਲ ਧਿਆਨ ਦੁਆਇਆ ਸੀ ਪਰ ਡਾ. ਹਰਦਰਸ਼ਨ ਸਿੰਘ ਨੇ ਤਾਂ ਕੁਝ ਪ੍ਰਤੀਨਿਧ ਨਾਵਲਾਂ ਦੇ ਅਧਿਐਨ-ਵਿਸ਼ਲੇਸ਼ਣ-ਮੁਲਾਂਕਣ ਰਾਹੀਂ ਅਤੇ ਮੱਧਕਾਲੀਨ ਕਥਾ ਸਾਹਿਤ ਦੇ ਹਵਾਲਿਆਂ ਰਾਹੀਂ ਨਾਇਕ ਦੇ ਸੰਗਠਨ ਤੇ ਵਿਗਠਨ ਦੀ ਲੰਬੀ ਇਤਿਹਾਸਿਕ/ ਵਿਚਾਰਧਾਰਕ ਪ੍ਰਕ੍ਰਿਆ ਨੂੰ ਮੂਰਤੀਮਾਨ ਕਰ ਦਿੱਤਾ ਹੈ।

ਬਿਲਕੁਲ ਇਸੇ ਤਰ੍ਹਾਂ ਹੀ ਡਾ. ਸੁਖਬੀਰ ਕੌਰ ਦੇ ਅਧਿਐਨ ਕਾਰਜ ਵਿਚ ਵਾਪਰਿਆ ਪ੍ਰਤੀਤ ਹੁੰਦਾ ਹੈ। ਡਾ. ਜੋਗਿੰਦਰ ਸਿੰਘ ਰਾਹੀਂ ਪੰਜਾਬੀ ਨਾਵਲ ਦਾ ਅਧਿਐਨ ਕਰਦਿਆਂ ਦੁਖਾਂਤ ਦ੍ਰਿਸ਼ਟੀ ਦੇ ਉਦਭਵ ਤੇ ਵਿਕਾਸ ਨੂੰ ਨਾਵਲਕਾਰ ਨਾਨਕ ਸਿੰਘ ਦੀ ਰਚਨਾ ਦ੍ਰਿਸ਼ਟੀ ਨਾਲ ਜੋੜਦਾ ਹੈ। ਡਾ. ਸੁਖਬੀਰ ਕੌਰ ਡਾ. ਰਾਹੀ ਦੀ ਉਪਰੋਕਤ ਅੰਤਰਦ੍ਰਿਸ਼ਟੀ ਨੂੰ ਗ੍ਰਹਿਣ ਕਰਦਿਆਂ ਨਾਨਕ ਸਿੰਘ ਦੇ ਨਾਵਲਾਂ ਦਾ ਅਧਿਐਨ ਵਿਸ਼ਲੇਸ਼ਣ ਕਰਕੇ ਪੰਜਾਬੀ ਨਾਵਲ ਵਿਚਲੀ ਦੁਖਾਂਤ ਦ੍ਰਿਸ਼ਟੀ ਦੇ ਉਦਭਵ ਤੇ ਵਿਕਾਸ ਬਾਰੇ ਵਿਸਤ੍ਰਿਤ ਚਰਚਾ ਕਰਦੀ ਹੈ।

‘ਪੰਜਾਬੀ ਨਾਵਲ ਵਿਚ ਮਹਿਦੂਦ ਚੇਤਨਾ’ ਮਜਮੂਨ ਵਿਚ ਡਾ. ਰਾਹੀਂ ਨੇ ਦ੍ਰਿਸ਼ਟੀ ਬਿੰਦੂ ਦੀਆਂ ਜੁਗਤਾਂ ਬਾਰੇ ਚਰਚਾ ਆਰੰਭ ਕੀਤੀ ਸੀ। ਡਾ. ਗੁਰਦਿਆਲ ਸਿੰਘ ਨੇ ਦ੍ਰਿਸ਼ਟੀ ਬਿੰਦੂ ਦੀਆਂ ਜੁਗਤਾਂ ਦੇ ਸਿਧਾਤਕ ਪੱਖ ਵੱਲ ਉਚੇਚਾ ਧਿਆਨ ਦੇਣ ਦੇ ਨਾਲ-ਨਾਲ ਇਸ ਨੂੰ ਪੰਜਾਬੀ ਨਾਵਲ ਸਬੰਧੀ ਆਪਣੀ ਵਿਹਾਰਕ ਸਮੀਖਿਆ ਵਿਚ ਵੀ ਪ੍ਰਗਟ ਕੀਤਾ ਹੈ।

ਡਾ. ਹਰਿਭਜਨ ਸਿੰਘ ਭਾਟੀਆ ਦੀ ਵਿਲੱਖਣ ਤੇ ਵਡਮੁੱਲੀ ਇਤਿਹਾਸਕ ਪ੍ਰਾਪਤੀ ਤਾਂ ਉਸ ਦੁਆਰਾ ਲਿਖਿਆ ਗਿਆ ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ ਹੈ ਪਰ ਉਸ ਨੇ ਪੰਜਾਬੀ ਨਾਵਲ ਦੀ ਵਿਹਾਰਕ ਸਮੀਖਿਆ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਹੈ। ਪੰਜਾਬੀ ਗਲਪ: ਸੰਵਾਦ ਤੇ ਸਮੀਖਿਆ ਪੁਸਤਕ ਵਿਚ ਡਾ. ਹਰਿਭਜਨ ਸਿੰਘ ਭਾਟੀਆ ਨੇ ਨਰਿੰਦਰਪਾਲ ਸਿੰਘ, ਨਰਿੰਜਨ ਤਸਨੀਮ, ਬੂਟਾ ਸਿੰਘ, ਸ. ਸੋਜ, ਚੰਦਨ ਨੇਗੀ,

ਮਿੱਤਰ ਸੈਨ ਮੀਤ, ਸਵਰਨ ਚੰਦਨ, ਦਰਸ਼ਨ ਧੀਰ, ਹਰਜੀਤ ਅਟਵਾਲ, ਤਲਵਿੰਦਰ ਸਿੰਘ ਤੇ ਬਲਦੇਵ ਸਿੰਘ ਆਦਿ ਨਾਵਲਕਾਰਾਂ ਦੀਆਂ ਰਚਨਾਵਾਂ ਦੇ ਅਧਿਐਨ-ਵਿਸ਼ਲੇਸ਼ਣ ਨੂੰ ਖ਼ਾਸ ਥਾਂ ਦਿੱਤੀ ਹੈ। ਡਾ. ਹਰਿਭਜਨ ਸਿੰਘ ਭਾਟੀਆ ਦੇ ਨਾਵਲ ਅਧਿਐਨ ਦੀ ਇਕ ਖ਼ਾਸ ਖ਼ੂਬੀ ਇਹ ਹੈ ਕਿ ਉਹ ਕਿਸੇ ਵੀ ਰਚਨਾ ਬਾਰੇ ਆਪਣੀਆਂ ਧਾਰਨਾਵਾਂ ਰਚਨਾ-ਵਸਤੂ, ਰਚਨਾ-ਵਿਧੀ ਤੇ ਰਚਨਾ ਦ੍ਰਿਸ਼ਟੀ ਦੇ ਦਵੰਦਾਤਮਿਕ ਸਬੰਧਾਂ ਵਿਚੋਂ ਤਲਾਸ਼ਣ ਦੀ ਕੋਸ਼ਿਸ਼ ਵਿਚ ਰਹਿੰਦਾ ਹੈ। ਉਸ ਦੇ ਨਾਵਲੀ ਅਧਿਐਨ ਦਾ ਇਕ ਹੋਰ ਬੁਨਿਆਦੀ ਸਰੋਕਾਰ ਰਚਨਾ ਵਿਚ ਕਾਰਜਸ਼ੀਲ ਮਾਨਵ ਹਿਤੈਸ਼ੀ ਤੇ ਮਾਨਵ-ਵਿਰੋਧੀ ਕਦਰਾਂ-ਕੀਮਤਾਂ ਦੇ ਨਿਖੇੜ ਦਾ ਹੈ। ਰਚਨਾਤਮਿਕ ਕ੍ਰਿਤੀ ਉਪਰ ਕੀਤੇ ਗਏ ਖੁੱਲ੍ਹੇ ਤੇ ਬਾਹਰੀ ਵਿਚਾਰਧਾਰਕ ਆਰੋਪਣ ਨੂੰ ਉਹ ਰਚਨਾ ਦੀ ਵੱਡੀ ਕਮਜ਼ੋਰੀ ਗਿਣਦਾ ਹੈ।

ਡਾ. ਧਨਵੰਤ ਕੌਰ ਨੇ 1947 ਤੋਂ 1980 ਦਰਮਿਆਨ ਰਚੇ ਗਏ ਪੰਜਾਬੀ ਨਾਵਲ ਦੀਆਂ ਵਿਭਿੰਨ ਪ੍ਰਵਿਰਤੀਆਂ ਦਾ ਅਧਿਐਨ-ਵਿਸ਼ਲੇਸ਼ਣ ਆਧੁਨਿਕ ਸੰਵੇਦਨਾ ਦੇ ਸੰਦਰਭ ਵਿੰਚ ਪ੍ਰਸਤੁਤ ਕੀਤਾ ਹੈ। ਪੰਜਾਬੀ ਨਾਵਲ ਬਾਰੇ ਲਿਖੇ ਕੁਝ ਹੋਰ ਆਲੋਚਨਾਤਮਕ ਨਿਬੰਧਾਂ ਵਿਚ ਉਸ ਨੇ ਬਿਰਤਾਂਤ ਸ਼ਾਸਤਰੀ ਅਤੇ ਵਿਚਾਰਧਰਾਈ ਵਿਧੀਆਂ ਦੇ ਜਟਿਲ ਦਵੰਦਾਤਮਿਕ ਸਬੰਧਾਂ ਨੂੰ ਗ੍ਰਹਿਣ ਕਰਦੇ ਹੋਏ ਨਾਵਲੀ ਰਚਨਾਵਾਂ ਦੀਆਂ ਬਾਰੀਕੀਆਂ ਵਿਚ ਉਤਰਨ ਦੀ ਕੋਸ਼ਿਸ਼ ਕੀਤੀ ਹੈ। ਆਧੁਨਿਕ ਸੰਵੇਦਨਾ ਨੂੰ ਡਾ. ਧਨਵੰਤ ਕੌਰ ਨੇ ਪ੍ਰਮੁੱਖ ਤੌਰ ‘ਤੇ ਵਿਗਿਆਨਕ ਤੇ ਤਰਕ ਆਧਾਰਿਤ ਸੋਚ ਅਤੇ ਯਥਾਰਥਕ ਰਚਨਾ-ਦ੍ਰਿਸ਼ਟੀ ਨਾਲ ਸਬੰਧਿਤ ਕੀਤਾ ਹੈ। **ਪੰਜਾਬੀ ਨਾਵਲ ਸੰਦਰਭ ਕੋਸ਼** ਉਸ ਦੀ ਅਹਿਮ ਪ੍ਰਾਪਤੀ ਹੈ। ਇਸ ਪੁਸਤਕ ਵਿਚ ਉਸ ਨੇ ਪਹਿਲੀ ਵਾਰ ਪੰਜਾਬੀ ਨਾਵਲ ਸਬੰਧੀ ਪ੍ਰਮਾਣਿਕ ਸੰਦਰਭ ਸਮੱਗਰੀ ਨੂੰ ਪੇਸ਼ ਕਰਨ ਦਾ ਉੱਦਮ ਕੀਤਾ ਹੈ।

**ਪੰਜਾਬੀ ਗਲਪ ਚਿੰਤਨ** ਅਤੇ **ਸਮਾਜ, ਸੱਤਾ ਤੇ ਸਮਕਾਲੀ ਨਾਵਲ** ਵਰਗੀਆਂ ਮਹੱਤਵਪੂਰਨ ਪੁਸਤਕਾਂ ਵਿਚ ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਨੇ ਪ੍ਰੋ. ਕਿਸ਼ਨ ਸਿੰਘ ਅਤੇ ਡਾ. ਟੀ.ਆਰ. ਵਿਨੋਦ ਦੁਆਰਾ ਸਥਾਪਿਤ ਕੀਤੀ ਆਲੋਚਨਾ ਵਿਧੀ ਨੂੰ ਹੋਰ ਪ੍ਰਫੁਲਿਤ ਤੇ ਵਿਕਸਤ ਕੀਤਾ ਹੈ। ਉਪਰੋਕਤ ਮਾਰਕਸਵਾਦੀ ਚਿੰਤਕਾਂ ਨਾਲ ਵਿਚਾਰਧਾਰਕ ਸਾਂਝ ਰੱਖਣ ਦੇ ਬਾਵਜੂਦ ਡਾ. ਦਵੇਸ਼ਵਰ ਦੀ ਵਿਸ਼ੇਸ਼ ਪ੍ਰਾਪਤੀ ਇਹ ਹੈ ਕਿ ਉਸ ਨੇ ਨਵ-ਸਾਮਰਾਜਵਾਦੀ ਵਿਸ਼ਵ-ਵਿਆਪੀਕਰਣ ਦੇ ਸਮਰਥਕਾਂ ਦੁਆਰਾ ਫੈਲਾਈਆਂ ਜਾ ਰਹੀਆਂ ਨਿੱਤ ਨਵੀਆਂ ਤੋਂ ਨਵੀਆਂ ਮਿੱਥਾਂ ਦਾ ਖੰਡਨ ਕਰਨ ਦਾ ਸਾਰਥਕ ਯਤਨ ਕੀਤਾ ਹੈ। ਨਵ-ਸਾਮਰਾਜਵਾਦੀ ਵਿਸ਼ਵ-ਵਿਆਪੀਕਰਣ ਦੀ ਪ੍ਰਕਿਰਤੀ ਵਿਚ ਨਿਹਿਤ ਕੂਟਨੀਤਕ ਵਿਚਾਰਧਾਰਾ ਦਾ ਸਬੰਧ ਡਾ. ਦਵੇਸ਼ਵਰ ਨੇ ਆਰਥਿਕ ਸ਼ੋਸ਼ਣ ਤੇ ਮੁਨਾਫ਼ੇ ਲਈ ਮੰਡੀ ਦਾ ਵਿਸ਼ਵ-ਵਿਆਪੀ ਪਾਸਾਰ ਆਦਿ ਵਿਚ ਠੀਕ ਹੀ ਨਿਸਚਿਤ ਕੀਤਾ ਹੈ। ਨਵ-ਸਾਮਰਾਜਵਾਦੀ ਵਿਸ਼ਵ-ਵਿਆਪੀਕਰਣ ਬਾਰੇ ਸਥਾਪਿਤ ਕੀਤੇ ਸਿਧਾਂਤਕ ਚੌਖਟੇ ਨੂੰ ਵਿਹਾਰਕ ਸੰਦਰਭ ਨਾਲ ਜੋੜਦਿਆਂ ਡਾ. ਦਵੇਸ਼ਵਰ ਨੇ **ਸਮਾਜ, ਸੱਤਾ ਅਤੇ ਸਮਕਾਲੀ ਨਾਵਲ** ਪੁਸਤਕ ਵਿਚ ਗੁਰਦਿਆਲ ਸਿੰਘ, ਮਿੱਤਰ ਸੈਨ ਮੀਤ, ਕੇਵਲ ਕਲੋਟੀ ਆਦਿ ਯਥਾਰਥਵਾਦੀ ਨਾਲਵਕਾਰਾਂ ਦੀਆਂ ਰਚਨਾਵਾਂ ਦਾ ਵਿਹਾਰਕ ਅਧਿਐਨ ਪ੍ਰਸਤੁਤ ਕੀਤਾ ਹੈ। ਇਸ ਵਿਹਾਰਕ ਅਧਿਐਨ ਵਿਸ਼ਲੇਸ਼ਣ ਰਾਹੀਂ ਉਸ ਨੇ ਸਾਮਰਾਜਵਾਦੀ ਵਿਸ਼ਵ-ਵਿਆਪੀਕਰਨ ਦੇ ਦੌਰ ਦੀ ਲੁੱਟ ਤੇ ਸੋਸ਼ਣ ਆਧਾਰਿਤ ਸਿਆਸਤ ਅਤੇ ਮਨੁੱਖੀ ਜੀਵਨ ਵਿਚਲੇ ਸਕ੍ਰਿਆ ਰਚਨਾਤਮਿਕ ਮੁੱਲਾਂ ਵਿਰੋਧੀ ਵਿਚਾਰਧਾਰਾ ਨੂੰ ਪਛਾਣਨ ਦਾ ਯਤਨ ਕੀਤਾ ਹੈ। **ਸਮਾਜ ਸੱਤਾ ਤੇ ਸਮਕਾਲੀ ਨਾਵਲ** ਪੁਸਤਕ ਦੀ ਭੂਮਿਕਾ ‘ਦੋ ਸ਼ਬਦ’ ਵਿਚ ਡਾ. ਟੀ.ਆਰ. ਵਿਨੋਦ ਦੀ ਇਹ ਧਾਰਨਾ ਬਿਲਕੁਲ ਦਰੁਸਤ ਹੈ:

> ਵਰਤਮਾਨ ਸਰਮਾਇਦਾਰੀ ਨਿਜ਼ਾਮ ਦੀ ਜਿੱਤ ਇਸ ਗੱਲ ਵਿਚ ਹੈ ਕਿ ਇਸਨੇ ਆਮ ਲੋਕਾਂ ਦੇ ਮਨ ਵਿਚ ‘ਪੈਸੇ, ਪਦਵੀ ਅਤੇ ਪ੍ਰਸਿੱਧੀ’ ਦੀ ਲਾਲਸਾ ਤਾਂ ਭਰ ਦਿੱਤੀ ਹੈ ਪਰ ਆਮ ਲੋਕ ਇਸਦੀ ਪੂਰਤੀ ਵਰਤਮਾਨ ਵਿਵਸਥਾ ਵਿਚ ਨਹੀਂ ਕਰ ਸਕਦੇ। ਸੋ ਵਿਵਸਥਾ ਦੇ ਸੁਧਾਰ ਦੀ ਥਾਂ ਵਿਵਸਥਾ ਦੀ ਕ੍ਰਾਂਤੀਕਾਰੀ ਤਬਦੀਲੀ ਦੀ ਜ਼ਰੂਰਤ ਹੈ। ਇਹ ਵਿਚਾਰ ਵੀ ਸਮਕਾਲੀ ਪੰਜਾਬੀ ਨਾਵਲ ਵਿਚ ‘ਧੁਨੀ’ ਬਣ ਕੇ ਸਮਾਇਆ ਹੋਇਆ ਹੈ ਜਿਸਦੀ ਨਿਸ਼ਾਨਦੇਹੀ ਕਰਨਾ ਡਾ. ਦਵੇਸ਼ਵਰ ਦੀ ਵੱਡੀ ਪ੍ਰਾਪਤੀ ਹੈ।[13]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬੀ ਦੇ ਨਾਵਲ ਆਲੋਚਕਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਗਲਪ ਸਮੀਖਿਆ ਵਿਚ ਯਥਾਯੋਗ ਹਿੱਸਾ ਪਾਇਆ ਹੈ। ਡਾ. ਰਾਹੀ ਜਿੱਥੇ ਆਪਣੇ ਤੋਂ ਪੂਰਵਲੀ ਪੰਜਾਬੀ ਨਾਵਲ ਆਲੋਚਨਾ ਨਾਲ ਸਕ੍ਰਿਆ ਸੰਵਾਦ ਰਚਾਉਦੇ ਹੋਏ ਸਥਾਪਿਤ ਨਾਵਲ ਆਲੋਚਨਾ ਨੂੰ ਵਿਕਸਤ ਕਰਨ ਵਿਚ ਯੋਗਦਾਨ ਪਾਉਂਦੇ ਹਨ, ਉਥੇ ਯਥਾਰਥਵਾਦੀ ਗਲਪ-ਸ਼ਾਸਤਰ ਦੀ ਉਸਾਰੀ ਵਿਚ ਵੀ ਨਿੱਗਰ ਰੋਲ ਅਦਾ ਕਰਦੇ ਹਨ। ਉਹਨਾਂ ਦੀ ਨਾਵਲ ਸਮੀਖਿਆ ਤੇ ਸਿਧਾਂਤ ਨੇ ਪਰਵਰਤੀ ਨਾਵਲੀ ਸਮੀਖਿਆ ਨੂੰ ਵੀ ਪ੍ਰੇਰਿਤ ਤੇ ਪ੍ਰਭਾਵਿਤ

ਕੀਤਾ ਹੈ। ਡਾ.ਟੀ ਆਰ ਵਿਨੋਦ, ਡਾ. ਰਘਬੀਰ ਸਿੰਘ ਸਿਰਜਨਾ, ਡਾ. ਜੁਗਿੰਦਰ ਸਿੰਘ ਨਹਿਰੂ, ਡਾ. ਸੁਖਦੇਵ ਸਿੰਘ ਖਾਹਰਾ, ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਡਾ. ਰਜਨੀਸ਼ ਬਹਾਦਰ ਸਿੰਘ ਅਤੇ ਡਾ. ਹਰਿਭਜਨ ਸਿੰਘ ਭਾਟੀਆ ਵਰਗੇ ਨਾਵਲ ਆਲੋਚਕਾਂ ਦੀ ਸਮੀਖਿਆ ਇਸ ਦਾ ਪ੍ਰਮਾਣ ਹੈ। ਇਨ੍ਹਾਂ ਸਮੀਖਿਆਕਾਰਾਂ ਨੇ ਮਾਰਕਸਵਾਦੀ ਦਰਸ਼ਨ ਤੇ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਅਪਣਾ ਕੇ ਪੰਜਾਬੀ ਨਾਵਲ ਨੂੰ ਵਧੇਰੇ ਸਮੱਗਰ ਰੂਪ ਵਿਚ ਸਮਝਣ ਦੀ ਰੁਚੀ ਦਿਖਾਈ ਹੈ। ਡਾ. ਰਾਹੀ ਪੂਰਵਵਰਤੀ ਤੇ ਸਮਕਾਲੀ ਸਾਹਿਤ ਆਲੋਚਨਾ ਨਾਲ ਸੰਵਾਦ ਸਿਰਜ ਕੇ ਪੰਜਾਬੀ ਨਾਵਲ ਆਲੋਚਨਾ ਵਿਚ ਗੁਣਾਤਮਕ ਵਾਧਾ ਕਰਦੇ ਹੋਏ ਪਰਵਰਤੀ ਆਲੋਚਕਾਂ ਦਾ ਮਾਰਗ ਦਰਸ਼ਨ ਕਰਦੇ ਹਨ। ਪੰਜਾਬੀ ਗਲਪ ਆਲੋਚਨਾ ਨੂੰ ਪੱਕੇ-ਪੈਰੀਂ ਸਥਾਪਿਤ ਕਰਨ ਤੇ ਮਿਆਰੀ ਰੂਪ ਪ੍ਰਦਾਨ ਕਰਨ ਵਿਚ ਉਹਨਾਂ ਨੇ ਬਹੁਤ ਮਹੱਤਵਪੂਰਨ ਯੋਗਦਾਨ ਦਿੱਤਾ ਹੈ। ਉਹਨਾਂ ਦੁਆਰਾ ਸਥਾਪਿਤ ਕੀਤੀ ਇਸ ਸਾਰਥਿਕ ਪਰੰਪਰਾ ਨੂੰ ਹੋਰ ਪ੍ਰੋਫੁਲਤ ਤੇ ਵਿਕਸਤ ਕਰਨ ਦੀ ਗਹਿਰੀ ਇਤਿਹਾਸਕ ਪ੍ਰਕਿਰਿਆ ਨਾਲ ਜੁੜਨਾ ਹੀ ਉਹਨਾਂ ਦੇ ਮਹੱਤਵ ਨੂੰ ਪਛਾਣਨਾ ਹੈ।

**ਹਵਾਲੇ:**


1. ਡਾ. ਜੋਗਿੰਦਰ ਸਿੰਘ ਰਾਹੀ, **ਮਸਲੇ ਗਲਪ** ਦੇ, ਪੰਨਾ 36
2. ਡਾ. ਗੁਰਭਗਤ ਸਿੰਘ, **ਕਾਵਿ-ਸ਼ਾਸਤਰ ਦੇਹ ਅਤੇ ਕ੍ਰਾਂਤੀ**, ਪੰਨਾ 10
3. ਡਾ. ਜੋਗਿੰਦਰ ਸਿੰਘ ਰਾਹੀ, **ਸਮਾਂ ਤੇ ਸੰਵਾਦ**, ਪੰਨਾ 46
4. Lucien Goldmann, **Towards a Sociology of the Novel**, P. 10
5. ਡਾ. ਜੋਗਿੰਦਰ ਸਿੰਘ ਰਾਹੀ, **ਪੰਜਾਬੀ ਨਾਵਲ**, ਪੰਨਾ 129-130
6. **ਉਹੀ**, ਸਮਾਂ ਤੇ ਸੰਵਾਦ, ਪੰਨਾ 189
7. **ਉਹੀ**, ਪੰਨਾ 39
8. ਡਾ. ਤੇਜਵੰਤ ਸਿੰਘ ਗਿੱਲ, **ਪੰਜਾਬੀ ਸਾਹਿਤ ਸਮੀਖਿਆ ਤੇ ਵਿਹਾਰ**, ਪੰਨਾ 106
9. ਡਾ. ਜੋਗਿੰਦਰ ਸਿੰਘ ਰਾਹੀ, **ਜੋਤ ਜੁਗਤ ਕੀ ਬਾਰਤਾ**, ਪੰਨਾ 112
10. **ਉਹੀ**, ਸਮਾਂ ਤੇ ਸੰਵਾਦ, ਪੰਨਾ 212
11. **ਉਹੀ**, ਪੰਨਾ 137

12 ਡਾ. ਸੁਖਦੇਵ ਸਿੰਘ ਖਾਹਰਾ (ਸੰਪਾ), **ਨਾਵਲਕਾਰ ਮਿੱਤਰ ਸੈਨ ਮੀਤ**, ਪੰਨਾ 127

13. ਡਾ. ਸੁਰਿੰਦਰ ਕੁਮਾਰ ਦਵੇਸ਼ਵਰ, **ਸਮਾਜ, ਸੱਤਾ ਤੇ ਸਮਕਾਲੀ ਨਾਵਲ**, ਪੰਨਾ 11


◈